




# 'ਜਾਪੁ' ਸਾਹਿਬ ਬਾਣੀ

## ਭਾਸ਼ਾਈ ਸ਼ੈਲੀ-ਵਿਗਿਆਨਕ ਅਧਿਐਨ

'ਜਾਪੁ' ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਇਕ ਮਹੱਤਵਪੂਰਨ ਬਾਣੀ ਹੈ। 'ਦਸਮ ਗ੍ਰੰਥ' ਦਾ ਆਰੰਭ, ਇਸੇ ਬਾਣੀ ਨਾਲ ਹੁੰਦਾ ਹੈ। ਕੁਝ ਵਿਦਵਾਨਾਂ ਦਾ ਮੱਤ ਹੈ ਕਿ 'ਦਸਮ ਗ੍ਰੰਥ' ਵਿਚ ਇਸ ਬਾਣੀ ਨੂੰ ਲਗਭਗ ਉਹੀ ਮਹੱਤਵ ਹਾਸਿਲ ਹੈ, ਜੋ 'ਜਪੁਜੀ' ਬਾਣੀ ਨੂੰ, ਗੁਰੂ ਗ੍ਰੰਥ ਸਾਹਿਬ ਵਿਚ ਹਾਸਿਲ ਹੈ। 'ਦਸਮ ਗ੍ਰੰਥ' ਵਿਚ ਸ਼ਾਮਿਲ ਕੁਝ ਰਚਨਾਵਾਂ ਨੂੰ ਲੈ ਕੇ, ਵਿਦਵਾਨਾਂ ਵਿਚਕਾਰ ਕਾਫ਼ੀ ਮੱਤਭੇਦ ਹਨ, ਪਰ 'ਜਾਪੁ' ਸਾਹਿਬ ਬਾਣੀ ਦੀ ਪ੍ਰਮਾਣਿਕਤਾ ਸੰਬੰਧੀ ਕੋਈ ਕਿੰਤੂ-ਪਰੰਤੂ, ਕਦੇ ਵੀ ਪੜ੍ਹਨ-ਸੁਣਨ ਨੂੰ ਨਹੀਂ ਮਿਲਿਆ। ਭਾਸ਼ਾ-ਸ਼ੈਲੀ ਦੀ ਜੁਗਤ ਪੱਖੋਂ, ਇਸ ਬਾਣੀ ਦੀਆਂ ਆਪਣੀਆਂ ਵਿਲੱਖਣ ਵਿਸ਼ੇਸ਼ਤਾਵਾਂ ਤਾਂ ਹਨ ਹੀ, ਅਧਿਆਤਮਿਕਤਾ ਪੱਖੋਂ ਵੀ ਇਸ ਬਾਣੀ ਨੂੰ, ਇਕ ਵਿਸ਼ੇਸ਼ ਰੁਤਬਾ ਹਾਸਿਲ ਹੈ। ਇਹ ਰੁਤਬਾ ਹੈ, ਇਸ ਬਾਣੀ ਦਾ ਨਿਤਨੇਮ ਦੀਆਂ ਬਾਣੀਆਂ ਵਿਚ ਸ਼ਾਮਿਲ ਹੋਣਾ ਅਤੇ ਅੰਮ੍ਰਿਤ ਛਕਾਉਣ ਵਕਤ, ਇਸ ਬਾਣੀ-ਪਾਠ, ਲਾਜ਼ਮੀ ਹੋਣਾ। ਪ੍ਰਚਿਲਤ ਰਵਾਇਤ ਮੁਤਾਬਿਕ, ਸੰਨ 1699 ਦੀ ਵਿਸਾਖੀ ਦੇ ਮੌਕੇ 'ਤੇ, ਖ਼ਾਲਸਾ ਪੰਥ ਦੀ ਸਿਰਜਣਾ ਸਮੇਂ, ਅੰਮ੍ਰਿਤ ਤਿਆਰ ਕਰਨ ਦੇ ਦੌਰਾਨ, ਪੰਜ ਬਾਣੀਆਂ ਦਾ ਪਾਠ ਕਰਨ ਦੀ ਪਰੰਪਰਾ ਸ਼ੁਰੂ ਹੋਈ। ਇਨ੍ਹਾਂ ਪੰਜ ਬਾਣੀਆਂ ਵਿਚੋਂ 'ਜਪੁਜੀ' ਤੇ 'ਆਨੰਦ ਸਾਹਿਬ' ਬਾਣੀਆਂ, ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹਨ ਅਤੇ ਬਾਕੀ ਦੀਆਂ ਤਿੰਨ ਬਾਣੀਆਂ, 'ਜਾਪੁ' ਸਾਹਿਬ, 'ਚੌਪਈ ਸਾਹਿਬ' ਤੇ 'ਸਵੱਯੇ', 'ਦਸਮ ਗ੍ਰੰਥ' ਨਾਲ ਸੰਬੰਧਿਤ ਹਨ। ਇਸ ਮਗਰੋਂ, 'ਨਿਤਨੇਮ' ਦੀਆਂ ਇਨ੍ਹਾਂ ਪੰਜਾਂ ਬਾਣੀਆਂ ਦਾ ਪਾਠ, ਹਰ ਗੁਰਸਿੱਖ ਲਈ ਲਾਜ਼ਮੀ ਕਰਾਰ ਦਿੱਤਾ ਜਾਣ ਲੱਗਿਆ। ਸਿੱਖ ਜੀਵਨ-ਜਾਚ ਨੂੰ ਬਣਾਉਣ ਵਿਚ, ਇਨ੍ਹਾਂ ਪੰਜਾਂ ਬਾਣੀਆਂ ਦੀ ਭੂਮਿਕਾ ਅਹਿਮ ਮੰਨੀ ਜਾਂਦੀ ਹੈ। ਜਿਥੋਂ ਤੱਕ, ਇਸ ਬਾਣੀ ਦੀ ਸਿਰਜਣਾ ਦੇ ਸਮੇਂ ਤੇ ਸਥਾਨ ਦਾ ਸਰੋਕਾਰ (Concern) ਹੈ, ਉਸ ਬਾਬਤ ਇਹ ਸਵੀਕਾਰ ਕੀਤਾ ਜਾਂਦਾ ਹੈ ਕਿ 'ਜਾਪੁ' ਸਾਹਿਬ ਬਾਣੀ ਦੀ ਸਿਰਜਣਾ 1684 ਤੋਂ 1687 ਦੇ ਦਰਮਿਆਨ, ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਿਆਸਤ ਨਾਹਨ (ਪਾਉਂਟਾ ਸਾਹਿਬ) ਵਿਖੇ, ਜਮਨਾ ਦੇ ਕਿਨਾਰੇ 'ਤੇ ਰਮਣੀਕ ਸਥਾਨ 'ਤੇ ਹੋਈ। ਇਤਿਹਾਸ ਮੁਤਾਬਿਕ, ਗੁਰੂ ਸਾਹਿਬ ਸੰਨ 1684 ਈ. ਵਿਚ ਨਾਹਨ ਰਿਆਸਤ ਗਏ ਸਨ ਅਤੇ ਕਰੀਬਨ ਤਿੰਨ ਸਾਲ ਉਥੇ ਰਹੇ। ਭਾਵੇਂ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਹੋਰ ਬਾਣੀਆਂ ਦੀ ਤਰ੍ਹਾਂ 'ਜਾਪੁ' ਸਾਹਿਬ ਵੀ, ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਨਹੀਂ ਹੈ, ਪਰ ਫਿਰ ਵੀ ਗੁਰੂ ਜੀ ਦੀਆਂ ਕੁਝ ਹੋਰ ਬਾਣੀਆ ਦੀ ਤਰ੍ਹਾਂ, ਇਸ ਬਾਣੀ ਨੂੰ ਵੀ, 'ਗੁਰਬਾਣੀ' ਹੋਣ ਦਾ ਰੁਤਬਾ ਹਾਸਿਲ ਹੈ।

ਭਾਸ਼ਾਈ ਸ਼ੈਲੀ-ਵਿਗਿਆਨਕ ਅਧਿਐਨ : ਭਾਸ਼ਾਈ ਸ਼ੈਲੀ-ਵਿਗਿਆਨ (Linguistic-stylistics) ਦੀ ਦ੍ਰਿਸ਼ਟੀ ਤੋਂ ਜਦੋਂ ਅਸੀਂ, 'ਜਾਪ' ਸਾਹਿਬ ਬਾਣੀ



**ਡਾ. ਅਮੀਰ ਕੌਰ**
B-60 ਫਤਹਿ ਨਗਰ
ਨਵੀਂ ਦਿੱਲੀ-110018
99990-11553
aamirkaur@yahoo.co.in

ਨੂੰ ਅਧਿਐਨ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਕਈ ਦਿਲਚਸਪ ਨੁਕਤੇ ਉਜਾਗਰ ਹੁੰਦੇ ਹਨ। 'ਪੰਜਾਬੀ ਸਫ਼ਰਨਾਮਾ ਸਾਹਿਤ : ਸ਼ੈਲੀ-ਵਿਗਿਆਨਕ ਵਿਸ਼ਲੇਸ਼ਣ' ਵਿਸ਼ੇ ਉੱਪਰ ਪੀ.ਐਚ.ਡੀ. ਪੱਧਰ ਦਾ ਖੋਜ-ਕਾਰਜ ਕਰਦਿਆਂ, ਮੈਨੂੰ ਸ਼ੈਲੀ-ਵਿਗਿਆਨ ਦੇ ਇਤਿਹਾਸ ਅਤੇ ਸਿਧਾਂਤ ਨਾਲ ਜੁੜੇ ਮਸਲਿਆਂ ਨਾਲ, ਭਰਪੂਰ ਰੂਪ ਵਿਚ ਜੂਝਣਾ ਪਿਆ। ਯੂਨਾਨੀ ਸ਼ੈਲੀ-ਬਣਤਰ, ਸੰਸਕ੍ਰਿਤ ਸ਼ੈਲੀ, ਸ਼ਾਸਤਰ ਸ਼ੈਲੀ, ਚਿੰਤਨ ਦੀ ਆਧੁਨਿਕ ਪਰੰਪਰਾ ਨਾਲ ਡੂੰਘਾ ਸੰਵਾਦ ਰਚਾਉਂਦਿਆਂ, ਮੈਨੂੰ ਸ਼ੈਲੀ-ਵਿਗਿਆਨ ਨਾਲ ਜੁੜੇ ਹੋਏ ਇਨ੍ਹਾਂ ਮਸਲਿਆਂ ਨਾਲ ਵਿਸ਼ੇਸ਼ ਤੌਰ 'ਤੇ ਜੂਝਣਾ ਪਿਆ, ਉਹ ਸੰਕੇਤ-ਮਾਤਰ ਅਤੇ ਸੰਖੇਪ ਰੂਪ ਵਿਚ ਇਸ ਪ੍ਰਕਾਰ ਹਨ :

1. 'ਵਿਗਿਆਨ' ਅਤੇ 'ਸ਼ਾਸਤਰ' ਵਿਚਲਾ ਅੰਤਰ
2. 'ਸ਼ੈਲੀ-ਵਿਗਿਆਨ ' ਦੇ ਭਾਸ਼ਾ ਵਿਗਿਆਨਕ ਆਧਾਰ
3. 'ਸਾਹਿਤਕ ਭਾਸ਼ਾ' ਅਤੇ 'ਆਮ ਬੋਲਚਾਲ ਦੀ ਭਾਸ਼ਾ'
4. 'ਸ਼ੈਲੀ' ਤੋਂ 'ਸ਼ੈਲੀ-ਵਿਗਿਆਨ
5. ਸਾਹਿਤਕ ਸ਼ੈਲੀ-ਵਿਗਿਆਨ'
6. 'ਸ਼ੈਲੀ-ਵਿਗਿਆਨ' ਦੇ ਬੁਨਿਆਦੀ ਸੰਕਲਪ ਤੇ ਸੰਦ ਆਦਿ।

ਖ਼ਾਸ ਕਰਕੇ, ਨਿਲਮ ਐਰਿਕ ਐਂਕਵਿਸਟ ਦੀ ਬਹੁ-ਚਰਚਿਤ ਪੁਸਤਕ 'Linguistic stylistics' ਦੇ ਹਵਾਲੇ ਨਾਲ 'ਭਾਸ਼ਾਈ-ਸ਼ੈਲੀ-ਵਿਗਿਆਨ' ਅਤੇ 'ਸਾਹਿਤਕ-ਸ਼ੈਲੀ ਵਿਗਿਆਨ' ਦੇ ਆਪਸੀ ਸੰਬੰਧਾਂ ਦੀ ਰੌਸ਼ਨੀ ਵਿਚ ਇਥੇ, 'ਭਾਸ਼ਾ-ਵਿਗਿਆਨ', 'ਸਾਹਿਤ-ਆਲੋਚਨਾ' ਅਤੇ 'ਸ਼ੈਲੀ-ਵਿਗਿਆਨ' ਦੇ ਆਪਸੀ ਸੰਬੰਧਾਂ ਦੇ ਅਤੇ ਇਨ੍ਹਾਂ ਦੀ ਇਕ ਦੂਜੇ ਉੱਪਰ ਪਰਸਪਰ ਨਿਰਭਰਤਾ ਦੀ ਭਰਪੂਰ ਨਿਸ਼ਾਨਦੇਹੀ ਕੀਤੀ ਗਈ ਹੈ। ਇੰਝ ਕਰਦਿਆਂ, 'ਸ਼ੈਲੀ' ਦੀਆਂ ਸਮੇਂ-ਸਮੇਂ ਹੋਂਦ ਵਿਚ ਆਈਆਂ ਬੇਅੰਤ ਪਰਿਭਾਸ਼ਾਵਾਂ ਨਾਲ, ਸਾਡਾ ਵਾਹ ਅਕਸਰ ਪੈਂਦਾ ਰਿਹਾ ਹੈ। ਇਨ੍ਹਾਂ ਵਿਚੋਂ ਕੁਝ ਮਹੱਤਵਪੂਰਨ ਪਰਿਭਾਸ਼ਾਵਾਂ ਇਸ ਪ੍ਰਕਾਰ ਹਨ :

> 'ਸ਼ੈਲੀ, ਚੋਣ ਹੈ; 'ਸ਼ੈਲੀ, ਵੰਡ ਹੈ', 'ਸ਼ੈਲੀ, ਚੋਣ ਤੇ ਸੰਯੋਜਨ ਹੈ', 'ਸ਼ੈਲੀ, ਪਰਾਹਨ ਹੈ; 'ਸ਼ੈਲੀ, ਕੱਥ ਤੇ ਰੂਪ ਦੋਵੇਂ ਹੀ ਹੈ; 'ਸ਼ੈਲੀ, ਵਾਕ-ਸਮੂਹ ਹੈ'; 'ਸ਼ੈਲੀ, ਜੀਨਸ ਹੈ', 'ਸ਼ੈਲੀ, ਭਾਸ਼ਾਈ ਪ੍ਰਯੋਗਾਂ ਦੀ ਸਮੁੱਚਤਾ ਹੈ', 'ਸ਼ੈਲੀ, ਰਚਨਾ ਦੀ ਮੁਕੰਮਲ ਸੰਰਚਨਾ ਹੈ', 'ਸ਼ੈਲੀ, ਅਰਥ ਹੈ', 'ਸ਼ੈਲੀ, ਵਿਸ਼ੇਸ਼ ਚੋਣ ਤੇ ਸੰਯੋਜਨ ਹੈ', 'ਸ਼ੈਲੀ, ਭਾਸ਼ਾਈ ਅਗਰਭੂਮਣ ਹੈ।" ਆਦਿ ਆਦਿ।[2]

ਇਨ੍ਹਾਂ ਅਤੇ ਅਜਿਹੀਆਂ ਕੁਝ ਹੋਰ ਪਰਿਭਾਸ਼ਾਵਾਂ ਵਿਚੋਂ, ਮੋਟੇ ਤੌਰ 'ਤੇ ਦੋ ਪ੍ਰਵਿਰਤੀਆਂ ਉੱਭਰ ਕੇ ਸਾਹਮਣੇ ਆਉਂਦੀਆਂ ਰਹੀਆਂ ਹਨ। ਇਨ੍ਹਾਂ ਵਿਚੋਂ ਇਕ ਪ੍ਰਵਿਰਤੀ, ਸ਼ੈਲੀ ਨੂੰ, ਲੇਖਕ ਜਾਂ ਬੁਲਾਰੇ ਦੀ ਸ਼ਖਸੀਅਤ ਨਾਲ ਜੋੜ ਕੇ ਵੇਖਣ ਦੀ ਪ੍ਰਬਲ ਰੁਚੀ ਰੱਖਦੀ ਹੈ ਅਤੇ ਦੂਜੀ, ਇਸ ਨੂੰ ਇਕ ਤਕਨੀਕ ਦੇ ਰੂਪ ਵਿਚ ਗ੍ਰਹਿਣ ਕਰਦੀ ਹੈ। ਭਾਸ਼ਾਈ ਸ਼ੈਲੀ-ਵਿਗਿਆਨ ਦਾ ਸੰਬੰਧ, ਮਗਰਲੀ (ਭਾਵ, ਦੂਜੀ) ਪ੍ਰਵਿਰਤੀ ਨਾਲ ਹੈ। ਦੂਜੇ ਸ਼ਬਦਾਂ ਵਿਚ ਇਹ, ਸ਼ੈਲੀ ਦੇ ਹਵਾਲੇ ਨਾਲ, ਪਾਠ-ਕੇਂਦਰਿਤ (text oriented) ਅਧਿਐਨ-ਵਿਧੀ ਹੋਣ ਦੀ ਲਖ਼ਾਇਕ ਹੈ। ਇਕ ਅਧਿਐਨ-ਵਿਧੀ ਦੇ ਰੂਪ ਵਿਚ ਭਾਸ਼ਾਈ ਸ਼ੈਲੀ ਵਿਗਿਆਨ,

> ਸਾਹਿਤ-ਰਚਨਾ ਵਿਚ ਭਾਸ਼ਾ ਦੇ ਅਤਿ ਸੁਚੇਤ ਤੇ ਜਟਿਲ ਪ੍ਰਯੋਗਾਂ ਵਿਚਲੀਆਂ ਵਿਵਿਧਤਾਵਾਂ ਉੱਤੇ ਧਿਆਨ ਕੇਂਦਰਿਤ ਕਰਦਾ ਹੈ। ਦੂਜੇ ਸ਼ਬਦਾਂ ਵਿਚ (ਇਹ) ਸ਼ੈਲੀ-ਵਿਗਿਆਨ, ਸਾਹਿਤ-ਰਚਨਾ ਦੀ ਸ਼ਾਬਦਿਕ ਬੁਣਤੀ ਦੇ ਅਤਿ ਛੋਟੇ ਛੋਟੇ ਵਿਸਤਾਰਾਂ ਨੂੰ, ਆਪਣੇ ਧਿਆਨ ਦਾ ਕੇਂਦਰ-ਬਿੰਦੂ ਬਣਾਉਂਦਾ ਹੋਇਆ, ਉਸ ਦੇ ਕਲਾਤਮਿਕ ਸੌਂਦਰਯ ਨੂੰ ਉਭਰਾਦਾ ਹੈ।[3]

ਇਸ ਸੰਬੰਧ ਵਿਚ ਇਥੇ ਇਹ ਜ਼ਿਕਰਯੋਗ ਹੈ ਕਿ ਚਾਰਲਸ ਬੇਲੀ ਸੰਸਾਰ ਪ੍ਰਸਿੱਧ ਸੰਰਚਨਾਤਕ ਭਾਸ਼ਾ-ਵਿਗਿਆਨੀ ਫ਼ਰਦੀਨਾ 'ਦ ਸੌਸਿਊਰ ਦੇ ਭਾਸ਼ਾ' (Language) ਤੇ 'ਉਚਾਰ' (La parole) ਸੰਕਲਪਾਂ ਵਿਚਲੇ ਆਪਸੀ ਸੰਬੰਧਾਂ ਨੂੰ, ਸ਼ੈਲੀ-ਵਿਗਿਆਨਕ ਰੂਪ-ਭੇਦਾਂ ਨੂੰ ਸਮਝਣ ਲਈ, ਮਾਡਲ ਵਜੋਂ ਵਰਤਣ ਦੇ ਹੱਕ ਵਿਚ ਨਹੀਂ ਸੀ। ਇਹ ਵੀ ਸੱਚ ਹੈ ਕਿ 'ਸ਼ੈਲੀ ਵਿਗਿਆਨ' (Stylistics) ਸ਼ਬਦ ਦੀ ਵਰਤੋਂ, ਪਹਿਲਾਂ ਵਾਂਗ, ਚਾਰਲਸ ਬੇਲੀ ਨੇ ਹੀ ਕੀਤੀ ਸੀ। ਉਸ ਨੇ ਸੌਸਿਊਰ ਦੀ ਪੁਸਤਕ 'ਏ ਕੌਰਸ ਇਨ ਜਨਰਲ 'ਲਿੰਗੁਇਸਟਿਕਸ' ਦਾ ਡੂੰਘਾ ਅਧਿਐਨ ਕੀਤਾ ਅਤੇ ਮਗਰੋਂ, ਇਸ ਵਿਚੋਂ ਵਿਕਸਤ ਹੋਣ ਵਾਲੇ ਸੰਰਚਨਾਤਮਕ ਭਾਸ਼ਾ-ਵਿਗਿਆਨ ਨੂੰ, ਆਪਣੀਆਂ ਸ਼ੈਲੀ-ਵਿਗਿਆਨਕ ਧਾਰਨਾਵਾਂ ਦਾ ਆਧਾਰ ਬਣਾਇਆ। ਸਹਿਜੇ-ਸਹਿਜੇ ਸ਼ੈਲੀ-ਵਿਗਿਆਨ ਦੇ ਕਈ ਸ਼ੇਡਜ਼ (Shades) ਸਾਹਮਣੇ ਆਏ ਤੇ ਇਸ ਨੂੰ, ਇਕ ਸੰਤੁਲਿਤ ਅਧਿਐਨ-ਵਿਧੀ ਵਜੋਂ ਗ੍ਰਹਿਣ ਕੀਤਾ ਜਾਣ ਲੱਗਿਆ, 'ਵਿਚਲਨ/ਪਰਾਹਨ' (deiration), 'ਵਿਪੱਥਨ' (defleetion); 'ਸਾਮਨੰਤਰਤਾ'

(Parallelism); 'ਵਿਰਲਤਾ' (rareness); 'ਸੁਮੇਲਤਾ' (cohesiveness) ਆਦਿ ਇਸ ਅਧਿਐਨ-ਵਿਧੀ ਨਾਲ ਜੁੜੇ, ਬੁਨਿਆਦੀ ਸੰਕਲਪ ਤੇ ਸੰਦ ਗਰਦਾਨੇ ਗਏ।4 ਇਨ੍ਹਾਂ ਸੰਕਲਪਾਂ ਤੇ ਸੰਦਾਂ ਨੂੰ ਵਿਕਸਤ ਕਰਨ ਵਿਚ, ਰੂਸੀ ਰੂਪਵਾਦੀ ਅਤੇ ਚੈੱਕ ਸੰਰਚਨਾਵਾਦੀ ਸਕੂਲ, ਫਰਾਂਸੀਸੀ ਸਕੂਲ, ਜਰਮਨ ਸਕੂਲ, ਸਪੇਨੀ ਸਕੂਲ, ਬਰਤਾਨਵੀ ਸਕੂਲ, ਅਮਰੀਕਨ ਸਕੂਲ ਅਤੇ ਰੂਪਾਂਤਰੀ ਵਿਆਕਰਨ ਸਿੱਧਾਂਤ ਆਦਿ ਭਿੰਨ-ਭਿੰਨ 'ਚਿੰਤਨੀ ਸੰਪਰਦਾਵਾਂ (School of thoughts) ਦੀ ਭੂਮਿਕਾ ਨੂੰ, ਸਹਿਜੇ ਕੀਤਿਆਂ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ।5 ਭੂਮਿਕਾ ਦੀ ਮਿਕਦਾਰ ਘੱਟ ਜਾਂ ਵੱਧ ਹੋ ਸਕਦੀ ਹੈ। ਪਰ, ਇਸ ਸਭ ਕੁਝ ਦੇ ਮਹੱਤਵ ਨੂੰ, ਖਾਰਜ ਨਹੀਂ ਕੀਤਾ ਜਾ ਸਕਦਾ।

ਇਸ ਸਾਰੇ ਸਿਧਾਂਤ-ਚਿੰਤਨ ਨੂੰ ਪਿਛੋਕੜ ਵਿਚ ਰੱਖਦਿਆਂ, ਜਦੋਂ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਬਾਣੀ 'ਜਾਪੁ' ਸਾਹਿਬ ਨੂੰ ਚਰਚਾ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਕਈ ਦਿਲਚਸਪ ਨੁਕਤੇ ਉਜਾਗਰ ਹੁੰਦੇ ਹਨ। ਇਸ ਸੰਬੰਧ ਵਿਚ ਅਸੀਂ ਆਪਣੀ ਗੱਲ ਡਾ. ਗੁਰਚਰਨ ਸਿੰਘ ਦੇ ਉਸ ਪ੍ਰਸਤਾਵ ਨਾਲ ਸ਼ੁਰੂ ਕਰਦੇ ਹਾਂ, ਜਿਸ ਮੁਤਾਬਿਕ, ਬਾਕੀ ਦੇ ਗੁਰੂਆਂ ਦੀ ਬਾਣੀ, ਵਾਂਗ, 'ਜਾਪੁ' ਸਾਹਿਬ ਵੀ ਇਕ 'ਪਵਿੱਤਰ ਪਾਠ' (Sacred text) ਹੈ। 'ਸੈਕਰਡ ਟੈਕਸਟ' ਹੋਣ ਕਰਕੇ, ਇਸ ਨੂੰ ਅਸੀਂ 'ਧੁਰ ਕੀ ਬਾਣੀ' ਮੰਨ ਕੇ, ਇਸ ਪ੍ਰਤਿ ਆਪਣੀ ਸ਼ਰਧਾ ਪ੍ਰਗਟ ਕਰਦੇ ਹਾਂ। ਪਰ, ਇਸ ਸੰਬੰਧ ਵਿਚ ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ ਬਾਕੀ ਦੀਆਂ ਬਾਣੀਆਂ ਦੀ ਤਰ੍ਹਾਂ ਇਸ ਬਾਣੀ ਦਾ ਅਵਤਰਣ ਵੀ ਸ਼ਬਦਾਂ ਰਾਹੀਂ ਹੋਇਆ ਹੈ। ਡਾ. ਸਾਹਿਬ ਦੇ ਇਸ ਕਥਨ ਨਾਲ ਅਸੀਂ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਬਾਣੀ ਦੇ ਰਸੀਏ, ਬਾਣੀ ਦਾ ਪਾਠ ਕਰਕੇ, ਉਸ ਸੰਬੰਧੀ ਆਪਣੀ ਸ਼ਰਧਾ ਪ੍ਰਗਟਾਅ ਕੇ ਸੁਰਖ਼ਰੂ ਹੋ ਜਾਂਦੇ ਹਨ। ਪਰ, ਬਾਣੀ ਦੇ ਅਧਿਐਤਾ ਨੂੰ, ਇਸ ਤੋਂ ਰਤਾ ਕੁ ਹੋਰ ਅਗਾਂਹ ਜਾਣਾ ਪੈਂਦਾ ਹੈ। ਇਸ ਸੰਬੰਧ ਵਿਚ ਡਾ. ਸਾਹਿਬ ਦਾ ਇਹ ਕਥਨ, ਇਥੇ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ :

> ਅਧਿਐਤਾ, ਇਸੇ ਆਯਾਮ ਵਿਚ, ਬਾਣੀ ਨੂੰ ਵੀ ਇਕ ਸ਼ਾਬਦਿਕ ਰਚਨਾ ਵਾਂਗ ਹੀ ਗ੍ਰਹਿਣ ਕਰਦਾ ਹੈ। ਮਨੁੱਖੀ ਸਭਿਆਚਾਰ, ਜਿਸ ਨੂੰ ਮਾਨਵੀ-ਮੁੱਲਾਂ ਦਾ ਜਗਤ ਕਿਹਾ ਜਾਂਦਾ ਹੈ, ਸ਼ਬਦਾਂ ਦਾ ਹੀ ਬਣਿਆ ਹੁੰਦਾ ਹੈ ਅਤੇ ਸ਼ਬਦ, ਅਰਥਾਂ ਦੀ ਨਿੱਗਰਤਾ ਨੂੰ ਪੇਸ਼ ਕਰਨ ਲਈ ਬਣਦੇ ਹਨ। ਕਿਸੇ ਵੀ ਸ਼ਾਬਦਿਕ ਪਰੰਪਰਾ ਨੂੰ ਲਓ, ਉਸ ਦੀ ਪ੍ਰਾਪਤੀ, ਉਸ ਪਰੰਪਰਾ ਦੇ ਅੰਤਰਗਤ, ਸ਼ਾਬਦਿਕ ਪਾਠਾਂ ਵਿਚ ਹੀ ਨਿਹਿਤ ਹੈ। ਇਸ ਦਾ ਅਰਥ ਇਹ ਹੈ ਕਿ ਮਨੁੱਖੀ ਜਗਤ, ਆਪਣੇ ਆਦਿ ਤੋਂ ਅੰਤ ਤੀਕ, ਆਪਣਾ ਸਾਰਾ ਮਹੱਤਵ, ਜੀਵੰਤ ਵਿਹਾਰ ਤੋਂ ਲੈ ਕੇ, ਸੂਖ਼ਮ ਵਿਚਾਰਾਂ ਤੀਕ, ਸ਼ਬਦਾਂ ਵਿਚ ਹੀ ਉਜਾਗਰ ਕਰਦਾ ਹੈ।[4]

ਭਾਵੇਂ, ਡਾ. ਸਾਹਿਬ ਆਪਣਾ ਇਹ ਪ੍ਰਸਤਾਵ, 'ਜਾਪੁ' ਸਾਹਿਬ ਬਾਣੀ ਦੇ ਥੀਮਕ-ਅਧਿਐਨ ਦੇ ਪ੍ਰਸੰਗ ਵਿਚ ਬਣਾ ਰਹੇ ਹਨ, ਪਰ ਇਸ ਵਿਚ 'ਸ਼ਬਦਾਂ' ਦਾ ਆਪਣਾ ਵਿਸ਼ੇਸ਼ ਮਹੱਤਵ ਸਹਿਜੇ ਹੀ ਉਜਾਗਰ ਹੋ ਜਾਂਦਾ ਹੈ। ਉਨ੍ਹਾਂ ਦੇ ਕਹਿਣ ਮੁਤਾਬਿਕ, "ਮਨੁੱਖ ਸ਼ਬਦਾਂ ਦੀ ਮਦਦ ਨਾਲ ਸਾਰੀ ਪ੍ਰਕਿਰਤੀ ਨੂੰ ਆਪਣੀਆਂ ਲੋੜਾਂ, ਅਕਾਂਖਿਆਵਾਂ ਤੇ ਮੰਤਵਾਂ ਲਈ, ਸ਼ਾਬਦਿਕ ਨਿਯੰਤਰਣ ਵਿਚ ਲੈ ਕੇ, ਉਸ ਨੂੰ ਸਾਰਥਕ ਕਰ ਦਿੰਦਾ ਹੈ।

ਇਹ ਸਾਰਥਿਕਤਾ ਹੀ ਥੀਮ ਹੈ। ਇਥੇ ਥੀਮ, ਸਾਰਥਿਕਤਾ ਤੇ ਸਭਿਆਚਾਰ, ਭਾਸ਼ਾ ਨਾਲ ਆ ਜੁੜਦੇ ਹਨ।"[5] ਇਸ ਲਈ, ਸਾਡਾ ਅਧਿਐਨ-ਕਾਰਜ ਵੀ, 'ਜਾਪੁ' ਸਾਹਿਬ ਬਾਣੀ ਦੀ ਭਾਸ਼ਾਈ-ਬੁਣਤਰ ਉੱਪਰ ਕੇਂਦਰਿਤ ਹੋਵੇਗਾ, ਪਰ ਮਕਸਦ ਇਸ ਤੋਂ ਰਤਾ ਕੁ ਭਿੰਨ ਹੋਵੇਗਾ। ਦੂਜੇ ਸ਼ਬਦਾਂ ਵਿਚ ਸਾਡਾ ਧਿਆਨ, ਇਸ ਬਾਣੀ-ਰਚਨ ਵਿਚ ਭਾਸ਼ਾ ਦੇ ਹੋਏ ਸੁਚੇਤ ਤੇ ਜਟਿਲ ਪ੍ਰਯੋਗਾਂ ਵਿਚਲੀਆਂ ਵਿਵਿਧਤਾਵਾਂ ਉੱਪਰ ਕੇਂਦਰਿਤ ਕਰੇਗਾ। ਮਕਸਦ, ਇਸ ਬਾਣੀ-ਰਚਨਾ ਦੀ ਸ਼ਾਬਦਿਕ-ਬੁਣਤੀ ਦੇ ਅਤਿ ਛੋਟੇ-ਛੋਟੇ ਵਿਸਥਾਰਾਂ ਵਿਚੋਂ ਉੱਭਰਣ ਵਾਲੇ, 'ਕਲਾਤਮਿਕ-ਸੁਹਜ' ਨੂੰ ਉਭਾਰਨਾ ਹੋਵੇਗਾ। ਇਸ ਸਭ ਕੁਝ ਸਦਕਾ, ਇਸ ਬਾਣੀ ਵਿਚੋਂ ਉਜਾਗਰ ਹੋਣ ਵਾਲੀਆਂ, ਭਿੰਨ-ਭਿੰਨ ਭਾਸ਼ਾਈ ਅਤੇ ਸਾਂਸਕ੍ਰਿਤਕ ਸਾਂਝਾਂ ਦੀ ਨਿਸ਼ਾਨਦੇਹੀ ਵੀ ਹੋ ਸਕੇਗੀ। ਇਸ ਸੰਬੰਧ ਵਿਚ ਸਾਡਾ ਬੁਨਿਆਦੀ ਪ੍ਰਸਤਾਵ ਇਹ ਹੈ ਕਿ ਭਾਸ਼ਾ ਸਿਰਫ਼ ਸੰਚਾਰ ਦਾ ਮਾਧਿਅਮ ਮਾਤਰ ਨਹੀਂ ਹੁੰਦੀ। ਸਗੋਂ, ਸੰਚਾਰ ਦੇ ਨਾਲ-ਨਾਲ ਸਮੁੱਚਾ ਸਭਿਆਚਾਰ ਵੀ ਬੜੇ ਸਹਿਜ ਰੂਪ ਵਿਚ, ਇਸ ਰਾਹੀਂ, ਪ੍ਰਗਟ ਹੋ ਰਿਹਾ ਹੁੰਦਾ ਹੈ।

ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ 'ਜਾਪੁ' ਸਾਹਿਬ ਬਾਣੀ ਦੇ ਮੂਲ ਪਾਠ ਅੰਦਰ ਪ੍ਰਵੇਸ਼ ਕਰਦੇ ਹਾਂ, ਤਾਂ ਪਤਾ ਚੱਲਦਾ ਹੈ ਕਿ ਇਹ ਬਾਣੀ, ਪੂਰੀ ਤਰ੍ਹਾਂ ਸ਼ੈਲੀਕ੍ਰਿਤ ਰਚਨਾ ਹੈ। ਸਿਰਫ਼ ਸ਼ੈਲੀਕ੍ਰਿਤ ਰਚਨਾ ਹੀ ਨਹੀਂ, ਸਗੋਂ ਇਸ ਨੂੰ 'ਉੱਤਮ ਸ਼ੈਲੀ' ਦੀ ਇਕ ਵੱਡੀ ਮਿਸਾਲ ਵੀ ਨਿਰਸੰਕੋਚ ਮੰਨਿਆ ਜਾ ਸਕਦਾ ਹੈ। ਸੰਸਾਰ ਪ੍ਰਸਿੱਧ ਯੂਨਾਨੀ

ਚਿੰਤਕ ਲੌਨਜਾਈਨਸ ਦੀ ਪੁਸਤਕ ‘On The Sublime’ (ਪੰਜਾਬੀ ਅਨੁਵਾਦ : ‘ਉਦਾਂਤ ਬਾਰੇ’) ’ਚੋਂ ਉਭਰਨ ਵਾਲੇ ਸ਼ੈਲੀ-ਚਿੰਤਨ ਦੀ ਸ਼ਬਦਾਵਲੀ ਵਿਚ, ਇਸ ਬਾਣੀ ਦੀ ਸ਼ੈਲੀ ਨੂੰ, ਯਾਦ ਰਹੇ ਕਿ ਅਜਿਹਾ ਪ੍ਰਸਤਾਵ, ਸ਼ੈਲੀ-ਵਿਗਿਆਨਕ, ਅਧਿਐਨ ਵਿਸ਼ਲੇਸ਼ਣ ਦਾ ਸਿੱਟਾ ਨਹੀਂ। ਕਿਉਂਕਿ, ਲੌਨਜਾਈਨਸ ਦਾ ਸਮੁੱਚਾ ‘ਉਦਾਂਤ ਚਿੰਤਨ’, ਭਾਸ਼ਣ-ਕਰਤਾ ਜਾਂ ਬੁਲਾਰੇ ਦੀ ਸ਼ਖਸੀਅਤ ਉੱਪਰ, ਪੂਰੀ ਤਰ੍ਹਾਂ ਕੇਂਦਰਿਤ ਹੈ। ਇਹ ਗੱਲ ਵੱਖਰੀ ਹੈ ਕਿ ਸ਼ੈਲੀ ਨੂੰ, ਵਕਤਾ ਜਾਂ ਲੇਖਕ ਦੀ ਸ਼ਖਸੀਅਤ ਨਾਲ ਜੋੜ ਕੇ ਵੇਖਣ ਦੀ ਪ੍ਰਵਿਰਤੀ, ਪੰਜਾਬੀ ਦੇ ਕੁਝ ਵਿਦਵਾਨਾਂ ਵਿਚ ਵੀ ਪ੍ਰਬਲ ਰਹੀ ਹੈ। ਮਿਸਾਲ ਦੇ ਤੌਰ ’ਤੇ ‘ਦਸਮ ਗ੍ਰੰਥ ਦਰਸ਼ਨ’ ਪੁਸਤਕ ਨਾਲ ਸੰਬੰਧਿਤ ਪ੍ਰੋ. ਪਿਆਰਾ ਸਿੰਘ ‘ਪਦਮ’ ਦੇ ਇਸ ਕਥਨ ਨੂੰ ਲਓ :

> ਇਹ ਕੋਈ ਸਾਧਾਰਨ ਅਵਸਥਾ ਵਿਚ ਤੁੱਕਬੰਦੀ ਕਰ ਕੇ ਬਣਾਈ ਹੋਈ ਰਚਨਾ ਨਹੀਂ, ਸਗੋਂ ਕਿਸੇ ਅਨੂਠੀ ਸਮਾਧੀ ਦਾ ਲਿਸ਼ਕਾਰਾ ਹੈ। ਜਿਸ ਵਿਚ ‘ਏਕ ਮੂਰਤਿ ਅਨੇਕ ਦਰਸ਼ਨ’ ਸਾਮਰਤੱਖ ਮੂਰਤੀਮਾਨ ਹੈ। ਜਾਪੁ ਸਾਹਿਬ ਵਿਚ ਚਿਤ੍ਰਿਤ ਇਸ਼ਟ, ਗੁਰੂ ਗੋਬਿੰਦ ਸਿੰਘ ਦੇ ਵਿਅਕਤਿਤਵ ਵਿਚ ਜਿਉਂਦਾ-ਜਾਗਦਾ ਦਿੱਸਦਾ ਹੈ।[9]

ਖ਼ੈਰ ! ਆਪਣੇ ਇਸ ਅਧਿਐਨ-ਕਾਰਜ ਨੂੰ ਅਸੀਂ ਨਿਰੋਲ ਭਾਸ਼ਾਈ ਸ਼ੈਲੀ-ਵਿਗਿਆਨਕ ਲੀਹਾਂ ਉੱਪਰ ਤੋਰਨ ਸੰਬੰਧੀ, ਪੂਰੀ ਤਰ੍ਹਾਂ ਸੁਚੇਤ ਹਾਂ। ਆਪਣੀ ਪੂਰਨ ਮਿਥੀ ਯੋਜਨਾ ਦੇ ਐਨ ਅਨੁਕੂਲ ‘ਜਾਪੁ’ ਸਾਹਿਬ ਬਾਣੀ ਅੰਦਰ ਪ੍ਰਵੇਸ਼ ਕਰਨ ਤੋਂ ਪਹਿਲਾਂ, ਇਸ ਬਾਣੀ ਸੰਬੰਧੀ ਕੁਝ ਸੂਚਨਾ ਸਾਂਝੀ ਕਰਨੀ ਜ਼ਰੂਰੀ ਬਣਦੀ ਹੈ। ਇਸ ਮੁਤਾਬਿਕ, ਇਸ ਬਾਣੀ ਦੇ ਕੁੱਲ 199 ਬੰਦ ਹਨ। ਇਨ੍ਹਾਂ ਬਾਣੀ-ਬੰਦਾਂ ਦੀ ਰਚਨਾ, ਦਸ ਤਰ੍ਹਾਂ ਦੇ ਛੰਦਾਂ ਵਿਚ ਹੋਈ ਹੈ, ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ : ਛਪੈ, ਭੁਯੰਗ ਪ੍ਰਯਾਤ, ਚਾਚਰੀ, ਰੂਆਲ, ਭਗਵਤੀ ਮਧੁਭਾਰ, ਰਸਾਵਲ, ਹਰਿਬੋਲ ਮਨਾ, ਚਰਪਟ ਅਤੇ ਏਕ-ਅੱਛਰੀ। ਇਨ੍ਹਾਂ ਵਿਚੋਂ ਕੁਝ ਛੰਦਾਂ ਦੀ ਵਰਤੋਂ ਇਕ ਤੋਂ ਵੱਧ ਵਾਰੀ ਹੋਈ ਸਾਫ਼ ਨਜ਼ਰ ਆਉਂਦੀ ਹੈ।[10] ਬਾਣੀ ਵਿਚੋਂ ਉਭਰਨ ਵਾਲਾ ਕੇਂਦਰੀ ਥੀਮ ਇਕ ਪਾਰਬ੍ਰਹਮ ਕੇਂਦਰਿਤ ਅਧਿਆਤਮਿਕਤਾ ਹੈ। ਇਸ ਪਾਰਬ੍ਰਹਮ ਦੀ ਨਿਰਗੁਣਤਾ ਦਾ ਬਿੰਬ, ਇਸ ਬਾਣੀ ਦੀਆਂ ਮੁੱਢਲੀਆਂ ਪੰਕਤੀਆਂ ਵਿਚੋਂ ਇਉਂ ਉਜਾਗਰ ਹੁੰਦਾ ਹੈ :

*ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ ॥*
*ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ॥*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥*
*ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥੧॥*

ਛਪੈ ਛੰਦ ਵਿਚ ਰੂਪਮਾਨ ਹੋਈਆਂ ਇਹ ਬਾਣੀ-ਪੰਕਤੀਆਂ, ਇਸ ਬਾਣੀ ਦੇ ਮੰਗਲਾਚਰਨ ਦੀਆਂ ਲਖ਼ਾਇਕ ਮੰਨੀਆਂ ਜਾਂਦੀਆਂ ਹਨ। ਮੰਗਲਾਚਰਨ, ਮੱਧਕਾਲੀਨ ਪੰਜਾਬੀ-ਕਾਵਿ ਦੀ ਇਕ ਜਾਣੀ-ਪਛਾਣੀ ਕਥਾਨਕ-ਰੂੜ੍ਹੀ ਹੈ ਜਿਸ ਰਾਹੀਂ ਲੇਖਕ ਆਪਣੇ ਇਸ਼ਟ ਦੀ ਅਰਾਧਨਾ ਕਰਦਾ ਹੈ ਅਤੇ ਉਸ ਪ੍ਰਤਿ ਆਪਣੀ ਅਕੀਦਤ ਪ੍ਰਗਟ ਕਰਦਾ ਹੈ। ਇਥੇ ਭਾਸ਼ਾ ਦਾ ਨਾਂਹ-ਵਾਚਕ ਪ੍ਰਯੋਗ ਰਾਹੀਂ, ਇਥੇ ਪਾਰਬ੍ਰਹਮ ਦੀ ਨਿਰਗੁਣਤਾ ਨੂੰ ਉਭਾਰਨ ਦਾ ਯਤਨ ਜ਼ਾਹਿਰ ਹੈ। ਭਾਵ ਉਹ ਪਾਰਬ੍ਰਹਮ ਅਜਿਹਾ ਹੈ, ਜਿਸ ਦਾ ਨਾ ਤਾਂ ਕੋਈ ਚੱਕਰ-ਚਿਹਨ ਹੈ, ਨਾ ਵਰਣ ਹੈ, ਨਾ ਜਾਤਿ ਹੈ, ਨਾ ਪਾਤਿ ਹੈ, ਨਾ ਰੂਪ ਹੈ, ਨਾ ਰੰਗ ਹੈ, ਨਾ ਰੇਖ ਹੈ, ਨਾ ਭੇਖ ਹੈ। ਉਹ ‘ਅਚਲ ਮੂਰਤਿ’ ਹੈ ਅਤੇ ‘ਅਨਭਉ ਪ੍ਰਕਾਸ’ (ਭਾਵ, ਆਪਣੇ ਆਪ ਵਿਚ ਪੈਦਾ ਹੋਇਆ ਗਿਆਨ) ਹੈ। ਇਥੇ ਹੀ ਬਸ ਨਹੀਂ, ਉਹ ਅਮਿਣਵੀਂ ਤਾਕਤ ਵਾਲਾ ਵੀ ਹੈ ਅਤੇ ਸਮੁੱਚੀ ਬਨਸਪਤੀ ਤੇ ਪ੍ਰਕਿਰਤੀ, ਉਸ ਨੂੰ ‘ਅਨੰਤ’ ਰੂਪ ਵਿਚ ਸਵੀਕਾਰ ਕਰਦੀ ਹੈ। ਭਾਸ਼ਾ ਦੀ ਨਾਂਹ-ਵਾਚਕ ਵਰਤੋਂ ਦਾ ਇਹ ਸਿਲਸਿਲਾ, ਇਸ ਬਾਣੀ ਵਿਚ ਅੱਗੇ ਚੱਲ ਕੇ ਵੀ, ਕਿਸੇ ਨਾ ਕਿਸੇ ਰੂਪ ਵਿਚ ਨਿਰੰਤਰ ਬਣਿਆ ਰਹਿੰਦਾ ਹੈ। ਸਿੱਟੇ ਵਜੋਂ ਕਈ ਨਵੇਂ ਸ਼ਬਦਾਂ ਦੀ ਘਾੜਤ ਹੁੰਦੀ ਹੈ। ਇਸ ਬਾਣੀ ਨਾਲ ਸੰਬੰਧਿਤ ਇਹ ਇਕ ਬਹੁਤ ਹੀ ਦਿਲਚਸਪ ਮਸਲਾ ਹੈ। ਅਕਸਰ ਵੇਖਣ ਵਿਚ ਆਉਂਦਾ ਹੈ ਕਿ ਸਾਹਿਤਕ-ਪਾਠਾਂ ਵਿਚ ਕੁਝ ਮਸਲਿਆਂ ਜਾਂ ਵਿਚਾਰਾਂ ਅਤੇ ਜਾਂ ਫਿਰ ਭਾਵਾਂ ਨੂੰ, ਕੇਂਦਰੀ ਮਹੱਤਵ ਦੇਣ ਲਈ ਉਨ੍ਹਾਂ ਉੱਪਰ ਵਧੇਰੇ ਫੋਕਸ ਕੀਤਾ ਗਿਆ ਹੁੰਦਾ ਹੈ। ਸ਼ੈਲੀ-ਵਿਗਿਆਨ ਦੀ ਭਾਸ਼ਾ ਵਿਚ ਇਸ ਨੂੰ, ‘ਅਗਰਭੂਮਨ’ (Foregrounding) ਦੀ ਸੰਗਿਆ ਦਿੱਤੀ ਜਾਂਦੀ ਹੈ। ਇਹ ‘ਅਗਰਭੂਮਨ’, ਭਿੰਨ-ਭਿੰਨ ਸਾਹਿਤਕ-ਜੁਗਤਾਂ ਦੀ ਮਦਦ ਨਾਲ ਕੀਤਾ ਜਾਂਦਾ ਹੈ। ਇਨ੍ਹਾ ਵਿਚੋਂ ‘ਪਰਾਹਨ’ ਜਾਂ ‘ਵਿਚਲਨ’

(deviation), ਇਕ ਪ੍ਰਮੁੱਖ ਜੁਗਤ ਹੈ। ਵਿਚਾਰਾਂ ਜਾਂ ਅਨੁਭਵਾਂ ਦੀ ਪ੍ਰਚੰਡਤਾ (Intensity) ਨੂੰ 'ਕਲਾਤਮਿਕ-ਰੂਪਾਂਤਰਣ' (Artistic transformation) ਦੇਣ ਲਈ, ਭਾਸ਼ਾ ਦੇ ਪ੍ਰਚਲਤ 'ਮਿਆਰੀ' ਜਾਂ 'ਟਕਸਾਲੀ' (Standard) ਰੂਪ ਨੂੰ ਵਰਤਣ ਦੀ ਬਜਾਏ, ਉਸ ਦੇ ਸਥਾਪਿਤ ਨਿਯਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ। ਸ਼ੈਲੀ-ਵਿਗਿਆਨ ਦੀ ਸ਼ਬਦਾਵਲੀ ਵਿਚ ਇਸ ਉਲੰਘਣਾ ਨੂੰ 'ਪਰਾਹਨ' ਜਾਂ 'ਵਿਚਲਨ' ਕਿਹਾ ਜਾਂਦਾ ਹੈ। ਸਾਹਿਤਕ ਕਿਰਤਾਂ ਵਿਚ ਇਹ 'ਪਰਾਹਨ' ਜਾਂ 'ਵਿਚਲਨ', ਇਕ ਤੋਂ ਵੱਧ ਪੱਧਰਾਂ 'ਤੇ ਕੀਤਾ ਗਿਆ ਮਿਲਦਾ ਹੈ। ਜਿਵੇਂ ਕਿ, ਸ਼ਬਦ ਦੀ ਪੱਧਰ 'ਤੇ, ਵਿਆਕਰਣ ਪੱਧਰ 'ਤੇ, ਅਰਥ ਦੀ ਪੱਧਰ 'ਤੇ ਆਦਿ ਆਦਿ। ਅਜਿਹੇ 'ਪਰਾਹਨਾਂ' ਜਾਂ 'ਵਿਚਲਨਾਂ' ਨਾਲ, ਸਹਿਵਨ ਹੀ, ਕਈ ਨਵੇਂ ਸ਼ਬਦਾਂ ਦੀ ਘਾੜਤ ਹੋ ਜਾਇਆ ਕਰਦੀ ਹੈ। ਅਜਿਹੇ ਸ਼ਬਦ ਕਾਵਿ-ਸੁਹਜ ਨੂੰ ਉਜਾਗਰ ਕਰਨ ਦਾ ਮਾਧਿਅਮ ਬਣਦੇ, ਅਕਸਰ ਵੇਖੇ ਜਾਂਦੇ ਹਨ। ਅਸਲ ਵਿਚ, ਇਹੋ ਕਾਵਿ-ਸੁਹਜ, ਸ਼ੈਲੀਗਤ-ਸੁਹਜ ਅਖਵਾਉਂਦਾ ਹੈ। 'ਜਾਪੁ' ਸਾਹਿਬ ਬਾਣੀ ਵਿਚ, ਅਜਿਹੇ ਨਵੇਂ ਸ਼ਬਦਾਂ ਦੀ ਘਾੜਤ, ਬੇਅੰਤ ਹੋਈ ਵੇਖਣ ਨੂੰ ਮਿਲਦੀ ਹੈ। ਮਿਸਾਲ ਦੇ ਤੌਰ 'ਤੇ ਨਾਂਹ-ਵਾਚਕ ਅਗੇਤਰਾਂ ਤੋਂ ਬਣੇ ਇਨ੍ਹਾਂ ਸ਼ਬਦਾਂ ਨੂੰ ਹੀ ਲਓ :

1. 'ਅ' ਅਗੇਤਰ ਤੋਂ ਬਣੇ ਸ਼ਬਦ
   ਅਨਾਮੇ, ਅਰੂਪੇ, ਅਪਾਰੇ, ਅਜੀਤੇ, ਅਗੰਜੇ।
2. 'ਨ੍ਰਿ' ਅਗੇਤਰ ਲਾਉਣ ਨਾਲ ਬਣੇ ਸ਼ਬਦ :
   ਨ੍ਰਿਕਰਮੇ, ਨ੍ਰਿਧਾਮੇ, ਨ੍ਰਿਤਾਪੇ, ਨ੍ਰਿਰੁਕਤਿ।
3. 'ਬਿ' ਅਗੇਤਰ ਲਾਉਣ ਨਾਲ ਬਣੇ ਸ਼ਬਦ :
   ਬਿਐਬ
4. 'ਅਨ' ਅਗੇਤਰ ਲਾਉਣ ਨਾਲ ਬਣੇ ਸ਼ਬਦ :
   ਅਨਭਿੱਜ, ਅਨਰੰਜ, ਅਨੂਪੇ।
5. 'ਆ' ਅਗੇਤਰ ਲਾਉਣ ਨਾਲ ਬਣੇ ਸ਼ਬਦ :
   ਆਦਿਸਯ, ਅਲਿਸਯ, ਆਜਾਨ।

'ਜਾਪੁ' ਸਾਹਿਬ ਬਾਣੀ ਵਿਚੋਂ ਅਜਿਹੇ ਹੋਰ ਬੇਅੰਤ ਸ਼ਬਦਾਂ ਦੀਆਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਪ੍ਰੋ. ਪ੍ਰਵੀਨ ਕੌਰ ਨੇ ਆਪਣੀ ਸਮੀਖਿਆ ਪੁਸਤਕ 'ਜਾਪੁ ਸਾਹਿਬ : ਪ੍ਰਵਚਨ ਅਤੇ ਭਾਸ਼ਾ ਪ੍ਰਬੰਧ (2010) ਵਿਚ ਇਸ ਮਸਲੇ ਉੱਪਰ ਕਾਫ਼ੀ ਵਿਸਥਾਰ ਨਾਲ ਚਰਚਾ ਕੀਤੀ ਹੈ। ਉਸ ਅਜਿਹੇ ਨਾਂਹ-ਵਾਚਕ ਅਗੇਤਰਾਂ ਦੀ ਮਦਦ ਨਾਲ ਬਣੇ ਨਵੇਂ ਸ਼ਬਦਾਂ ਦੇ ਨਾਲ-ਨਾਲ, ਕੁਝ ਅਜਿਹੇ ਨਵੇਂ ਸ਼ਬਦਾਂ ਦੀ ਘਾੜਤ ਵੱਲ ਵੀ ਸੰਕੇਤ ਕੀਤੇ ਹਨ, ਜੋ 'ਹਾਂ-ਵਾਚਕ' ਅਤੇ 'ਨਾਂਹ-ਵਾਚਕ' ਸ਼ਬਦਾਂ ਦੇ ਸੁਮੇਲ 'ਚੋਂ ਉਪਜੇ ਹਨ, ਜਿਵੇਂ ਕਿ : ਅਕ੍ਰਿਤਾਕ੍ਰਿਤ, ਅਮ੍ਰਿਤਾਮ੍ਰਿਤ, ਅਜਪਾ ਜਪ, ਅਥਪਾ ਥਪ ਆਦਿ।[11]

'ਜਾਪੁ' ਸਾਹਿਬ ਬਾਣੀ ਵਿਚ ਸ਼ਬਦ ਪੱਧਰ ਦੇ ਨਾਲ-ਨਾਲ ਅਰਥਾਂ ਦੀ ਪੱਧਰ 'ਤੇ 'ਪਰਾਹਨ' ਹੋਇਆ ਵੀ ਕਈ ਥਾਈਂ ਵੇਖਣ ਨੂੰ ਮਿਲਦਾ ਹੈ। ਅਜਿਹੇ ਪਰਾਹਨਾਂ ਸਦਕਾ, ਇਸ ਬਾਣੀ ਵਿਚ 'ਵਿਰੋਧਾਭਾਸ਼ੀ ਸ਼ੈਲੀ' ਹੋਂਦ ਵਿਚ ਆਉਂਦੀ ਹੈ। ਡਾ. ਜਸਵੰਤ ਸਿੰਘ 'ਨੇਕੀ' ਹੁਰਾਂ ਨੇ ਆਪਣੇ ਇਕ ਲੇਖ ਵਿਚ ਇਸ ਗੱਲ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਹੈ ਕਿ 'ਜਾਪੁ' ਸਾਹਿਬ ਬਾਣੀ ਵਿਚ, ਰੱਬ ਨੂੰ, ਵਿਰੋਧਾਭਾਸ਼ੀ ਸੰਕਲਪਾਂ ਵਿਚ ਚਿਤਵਣ ਦੀ ਰੁਚੀ ਪ੍ਰਬਲ ਹੈ। ਕਿਸੇ ਜਰਮਨ ਫ਼ਿਲਾਸਫ਼ਰ ਦੇ ਹਵਾਲੇ ਨਾਲ ਸਪੱਸ਼ਟ ਕਰਦੇ ਹਨ ਕਿ "ਜੇ ਕੋਈ ਵਿਰੋਧਾਭਾਸ਼ ਨਾਲ ਆਸ਼ਨਾ ਨਹੀਂ ਹੁੰਦਾ, ਹਕੀਕਤ ਨਾਲ ਕਿਵੇਂ ਹੋਵੇਗਾ। ਆਸ਼ਨਾ, ਫ਼ਾਰਸੀ ਜ਼ਬਾਨ ਦਾ ਸ਼ਬਦ ਹੈ, ਜੋ ਵਾਕਫ਼ੀ ਜਾਂ ਜਾਣ-ਪਛਾਣ ਦਾ ਸੂਚਕ ਹੈ। ਵਿਰੋਧਾਭਾਸ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Paradox' ਦਾ ਪੰਜਾਬੀ ਰੂਪਾਂਤਰ ਹੈ। ਡਾ. ਨੇਕੀ ਦਾ ਇਹ ਕਹਿਣਾ ਬਿਲਕੁਲ ਠੀਕ ਹੈ ਕਿ ਬਾਣੀ ਗੁਰੂ ਗੋਬਿੰਦ ਸਿੰਘ ਜੀ ਵਿਚੋਂ ਉਪਜਣ ਵਾਲਾ ਰੱਬ ਦਾ ਸੰਕਲਪ, ਇਕਵਾਸਾ ਨਹੀਂ। ਭਾਵ, ਉਹ ਸਿਰਫ਼ ਉੱਚੇ ਤੋਂ ਉੱਚਾ, ਵੱਡੇ ਤੋਂ ਵੱਡਾ ਜਾਂ ਸੁੱਚੇ ਤੋਂ ਸੁੱਚਾ ਮਾਤਰ ਨਹੀਂ। ਸਗੋਂ, ਇਨ੍ਹਾਂ ਸ਼ਬਦਾਂ ਦੇ ਉਲਟ ਭਾਵਾਂ ਵਿਚ ਵੀ ਉਸੇ ਦਾ ਵਾਸਾ ਹੈ। ਜਿਵੇਂ ਕਿ, ਇਕ ਪਾਸੇ ਉਹ 'ਰੱਬ' ਵੇਦ ਬਾਣੀ ਹੈ, ਤਾਂ ਦੂਜੀ ਤਰਫ਼, ਕੋਕ ਦੀ ਕਹਾਣੀ ਵੀ ਉਹੋ ਹੈ। ਉਹ ਸਰਬ ਰੋਗੇ ਵੀ ਹੈ ਅਤੇ ਅਰੋਗੇ ਵੀ ਉਹੋ ਹੈ। ਉਹ ਤੱਤ ਵੀ ਹੈ ਅਤੇ ਅਤੱਤ ਵੀ। ਗੁਰੂ ਸਾਹਿਬ ਉਸ ਨੂੰ ਕਲਹਕਰਤਾ ਵੀ ਕਹਿੰਦੇ ਹਨ ਅਤੇ ਸ਼ਾਂਤ ਰੂਪੇ ਵੀ। 'ਅਕਾਲ ਉਸਤਤਿ' ਬਾਣੀ ਵਿਚਲਾ ਰੱਬ ! ਸੁਚੇਤ ਵੀ ਹੈ ਅਤੇ ਅਚੇਤ ਵੀ।[13] ਬਾਣੀ ਗੁਰੂ ਗੋਬਿੰਦ ਸਿੰਘ ਜੀ ਵਿਚੋਂ, ਅਜਿਹੀਆਂ ਹੋਰ ਵੀ ਕਈ ਮਿਸਾਲਾਂ ਪ੍ਰਮਾਣ ਦੇ ਤੌਰ 'ਤੇ ਪੇਸ਼ ਕੀਤੀਆਂ ਜਾ ਸਕਦੀਆਂ

ਹਨ, ਜੋ ਵਿਰੋਧਾਭਾਸ ਦੀ ਸ਼ੈਲੀ ਦੀਆਂ ਲਖ਼ਾਇਕ ਸਹਿਜੇ ਹੀ ਮੰਨੀਆਂ ਜਾ ਸਕਦੀਆਂ ਹਨ। ਡਾ. ਨੇਕੀ ਦੇ ਇਸ ਵਿਚਾਰ ਨਾਲ ਅਸੀਂ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਅਜਿਹਾ ਤਾਂ ਹੀ ਸੰਭਵ ਹੈ ਜੇਕਰ ਹਰੀ ਜਾਂ ਰੱਬ ਦੇ ਸਰੂਪ ਨੂੰ, ਸਹੀ ਅਰਥਾਂ ਵਿਚ 'ਸਮਸਤੁਲ ਨਿਵਾਸੀ' ਵਜੋਂ ਗ੍ਰਹਿਣ ਕੀਤਾ ਜਾਵੇ। ਇਸ ਵਿਚਾਰ ਦੀ ਪੁਸ਼ਟੀ ਲਈ 'ਜਾਪੁ' ਸਾਹਿਬ ਬਾਣੀ ਵਿਚੋਂ, ਵਿਰੋਧਾਭਾਸ਼ੀ ਸ਼ੈਲੀ ਦੀਆਂ ਕੁਝ ਹੋਰ ਮਿਸਾਲਾਂ ਹਾਜ਼ਰ ਹਨ :

- *ਨਮੋ ਕਾਲ ਕਾਲੇ ॥ ਨਮੋ ਸਰਬ ਪਾਲੇ ॥*
- *ਅਨੇਕ ਹੈਂ ॥ ਫਿਰਿ ਏਕ ਹੈਂ ॥*
- *ਬ੍ਰਹਮੰਡਸ ਹੈਂ ॥ ਖਲ ਖੰਡਸ ਹੈਂ ॥*
- *ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥*
- *ਨਮੋ ਅੰਧਕਾਰੇ ਨਮੋ ਤੇਜ ਤੇਜੇ ॥*
- *ਨਮੋ ਕਲਹ ਕਰਤਾ ਨਮੋ ਸ਼ਾਂਤ ਰੂਪੇ ॥*
- *ਨਮੋ ਪਰਮ ਤੱਤੰ ਅਤੱਤੰ ਸਰੂਪੇ ॥*

'ਜਾਪੁ' ਸਾਹਿਬ ਬਾਣੀ ਵਿਚ, 'ਪਰਾਹਨ' ਜਾਂ 'ਵਿਚਲਨ' ਦੀ ਤਰ੍ਹਾਂ 'ਸਮਾਨੰਤਰਤਾ' ਦੀ ਜੁਗਤ ਵੀ, 'ਅਗਰਭੂਮਣ' ਲਈ ਕਾਫ਼ੀ ਕਾਰਗਾਰ ਸਾਬਿਤ ਹੋਈ ਨਜ਼ਰ ਆਉਂਦੀ ਹੈ। 'ਸਮਾਨੰਤਰਤਾ' ਬੁਨਿਆਦੀ ਤੌਰ 'ਤੇ ਕੁਝ ਭਾਸ਼ਾਈ ਇਕਾਈਆਂ ਦੇ ਦੁਹਰਾਓ ਦੀ ਸੂਚਕ ਹੈ। 'ਵਿਚਲਨ' ਨਾਲੋਂ ਇਹ ਸਥਿਤੀ ਰਤਾ ਕੁ ਭਿੰਨ ਹੁੰਦੀ ਹੈ।ਜਿਵੇਂ ਕਿ ਮੈਂ ਪਹਿਲਾਂ ਵੀ ਕਿਸੇ ਥਾਂ 'ਤੇ ਸਪੱਸ਼ਟ ਕੀਤਾ ਸੀ ਕਿ 'ਸਮਾਨੰਤਰਤਾ' ਦੇ ਅੰਤਰਗਤ, ਨਾ ਤਾਂ ਵਿਚਲਨ ਜਾਂ ਪਰਾਹਨ ਦੀ ਤਰ੍ਹਾਂ ਭਾਸ਼ਾ ਜਾਂ ਵਿਆਕਰਨ ਦੇ ਨਿਯਮਾਂ ਨੂੰ ਭੰਗ ਕੀਤਾ ਜਾਂਦਾ ਹੈ ਅਤੇ ਨਾ ਹੀ ਵਿਪਥਨ ਦੀ ਤਰ੍ਹਾਂ, ਆਪਣੇ ਦੁਆਰਾ ਬਣਾਏ ਗਏ ਪ੍ਰਤੀਮਾਨ ਦੀ ਉਲੰਘਣਾ ਕਰਕੇ, ਨਵੇਂ ਪ੍ਰਤੀਮਾਨ ਸਥਾਪਿਤ ਕੀਤੇ ਜਾਂਦੇ ਹਨ। ਭਾਵ, ਕਿਸੇ ਕਿਸਮ ਦੀ ਉਲੰਘਣਾ ਦੇ ਐਨ ਉਲਟ, ਨੇਮਬੱਧਤਾ 'ਤੇ ਜ਼ੋਰ ਦਿੱਤਾ ਜਾਂਦਾ ਹੈ। ਇਸ ਕਾਰਜ ਲਈ, ਭਿੰਨ ਭਿੰਨ ਭਾਸ਼ਕ-ਇਕਾਈਆਂ ਨੂੰ ਦੁਹਾਰਾਇਆ ਜਾਂਦਾ ਹੈ। ਇਸ ਦੁਹਰਾਓ, ਸੰਬੰਧਿਤ ਰਚਨਾ ਵਿਚ ਕਲਾਤਮਿਕ ਤੇ ਸ਼ੈਲੀਗਤ ਸੁਹਜ ਪੈਦਾ ਕਰਨ ਦਾ ਕਾਰਨ ਬਣਦਾ ਹੈ।[14] ਭਾਸ਼ਾਈ ਸ਼ੈਲੀ-ਵਿਗਿਆਨਕ ਦ੍ਰਿਸ਼ਟੀ ਤੋਂ 'ਜਾਪੁ' ਸਾਹਿਬ ਬਾਣੀ ਵਿਚ ਸਮਾਨੰਤਰਤਾ, ਅਗਰਭੂਮਣ ਦੀ ਇਕ ਅਜਿਹੀ ਮਹਤੱਵਪੂਰਨ ਕਾਵਿ-ਜੁਗਤ ਹੋ ਨਿਬੜਦੀ ਹੈ ਜੋ ਕਾਵਿ-ਅਰਥਾਂ ਨੂੰ ਸਿਰਜਣ ਵਿਚ ਕਾਫ਼ੀ ਸਹਾਇਕ ਸਾਬਤ ਹੁੰਦੀ ਹੈ। ਧੁਨੀ ਪੱਧਰ 'ਤੇ, ਅਨੁਪ੍ਰਾਸ ਸਿਰਜਣਾ ਨਾਲ, ਇਸ ਬਾਣੀ ਵਿਚ ਸਮਾਨੰਤਰਤਾ ਇਉਂ ਹੋਂਦ ਵਿਚ ਆਉਂਦੀ ਹੈ :

*ਅਰੂਪ ਹੈਂ ॥ ਅਨੂਪ ਹੈਂ ॥ ਅਜੂ ਹੈਂ ॥ ਅਭੂ ਹੈਂ ॥*
*ਅਲੇਖ ਹੈਂ ॥ ਅਭੇਖ ਹੈਂ ॥ ਅਨਾਮ ਹੈਂ ॥ ਅਕਾਮ ਹੈਂ ॥*
*ਅਧੇ ਹੈਂ ॥ ਅਭੇ ਹੈਂ ॥ ਅਜੀਤ ਹੈਂ ॥ ਅਭੀਤ ਹੈਂ ॥*

... ... ... ... ...
*ਅਜੀਤ ਹੈਂ ॥ ਅਭੀਤ ਹੈਂ ॥ ਅਬਾਹ ਹੈਂ ॥ ਅਗਾਹ ਹੈਂ ॥*
*ਅਮਾਨ ਹੈਂ ॥ ਨਿਧਾਨ ਹੈਂ ॥ ਅਨੇਕ ਹੈਂ ॥ ਫਿਰ ਏਕ ਹੈਂ ॥*

'ਚਾਚਰੀ ਛੰਦ' ਵਿਚ ਰੂਪਮਾਨ ਹੋਈਆਂ ਇਹ ਬਾਣੀ-ਪੰਕਤੀਆਂ, ਪ੍ਰਮਾਤਮਾ ਦੇ ਕਰਮਵਾਰੀ ਸਰੂਪ ਨੂੰ ਚਿਤਰਣ ਵੱਲ ਰੁਚਿਤ ਹਨ। ਇਸੇ ਮੁੱਢ ਵਿਚ 'ਅ' ਅੱਖਰ ਦੇ ਦੁਹਰਾਓ ਨਾਲ, ਨਾ ਸਿਰਫ਼ ਸੰਗੀਤਾਤਮਕ ਲੈਅ ਹੋਂਦ ਵਿਚ ਆਉਂਦੀ ਹੈ, ਸਗੋਂ ਵਿਚਾਰਾਂ ਵਿਚਲੀ ਏਕਤਾ ਵੀ ਨਿਰੰਤਰ ਸਥਾਪਿਤ ਹੁੰਦੀ ਹੈ। ਠੀਕ, ਇਸੇ ਤਰ੍ਹਾਂ 'ਨਮੋ ਨਮਸਤੰ, 'ਸਰਬੰ', 'ਕਿ' ਆਦਿ ਸ਼ਬਦਾਂ ਦੇ ਦੁਹਰਾਓ ਨਾਲ ਵੀ 'ਅਗਰਭੂਮਣ' ਅਕਸਰ ਕੀਤਾ ਗਿਆ ਨਜ਼ਰ ਆਉਂਦਾ ਹੈ। 'ਸਮਾਨੰਤਰਤਾ' ਦੀ ਤਰ੍ਹਾਂ, 'ਵਿਰਲਤਾ' ਤੇ 'ਸੁਮੇਲਤਾ' ਆਦਿ ਜੁਗਤਾਂ ਵੀ ਇਥੇ 'ਅਗਰਭੂਮਣ' ਕਰਨ ਵਿਚ ਕਾਫ਼ੀ ਸਹਾਇਕ ਸਾਬਤ ਹੋਈਆਂ ਹਨ। ਵੇਖਣ ਵਿਚ ਆਇਆ ਹੈ ਕਿ ਇਸ ਬਾਣੀ ਵਿਚ ਕੁਝ ਇਕ ਛੰਦ, ਸ਼ਬਦ, ਧੁਨੀ ਵਾਕ ਆਦਿ ਦੀ ਵਰਤੋਂ ਸਿਰਫ਼ ਇਕੇਰਾਂ ਹੀ ਹੋਈ ਹੈ। ਇਹ ਬੁਨਿਆਦੀ ਤੌਰ 'ਤੇ, 'ਵਿਰਲਤਾ' ਦੀ ਲਖ਼ਾਇਕ ਹੈ। ਸਮੁੱਚੇ ਤੌਰ 'ਤੇ 'ਜਾਪੁ' ਸਾਹਿਬ ਬਾਣੀ, ਪੂਰੀ ਤਰ੍ਹਾਂ ਸੰਗਠਿਤ ਤੇ ਸੁਸੰਰਚਿਤ ਹੈ। ਸੋ ਇਸ ਵਿਚਲੀ ਸੂਤਰਿਤ ਭਾਸ਼ਾ-ਸ਼ੈਲੀ ਨੂੰ ਨਿਰਸੰਕੋਚ, 'ਉਦਾੱਤ ਸ਼ੈਲੀ' ਦੀ ਸੰਗਿਆ ਦਿੱਤੀ ਜਾ ਸਕਦੀ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ 'ਜਾਪੁ' ਸਾਹਿਬ ਬਾਣੀ ਵਿਚ, ਭਿੰਨ-ਭਿੰਨ ਭਾਸ਼ਾਵਾਂ ਤੇ ਬੋਲੀਆਂ ਦੇ ਸ਼ਬਦਾਂ ਵਿਚਾਲੇ ਸੁਮੇਲ ਸਥਾਪਤੀ ਦੀ ਪ੍ਰਕਿਰਿਆ, ਨਿਰੰਤਰ ਚੱਲਦੀ ਵੇਖੀ ਜਾਂਦੀ ਹੈ। ਅਜਿਹੀ ਅਨੋਖੀ ਸੁਮੇਲ ਸਥਾਪਤੀ, ਇਸ ਬਾਣੀ ਨਾਲ ਸੰਬੰਧਿਤ ਇਕ ਬਹੁਤ ਹੀ ਮਹੱਤਵਪੂਰਨ ਨੁਕਤਾ ਹੈ। ਮਿਸਾਲ ਦੇ ਤੌਰ 'ਤੇ ਸੰਸਕ੍ਰਿਤ ਭਾਸ਼ਾ ਦੇ ਸ਼ਬਦਾਂ ਨਾਲ, ਫ਼ਾਰਸੀ ਸ਼ਬਦਾਂ ਦੀ ਇਸ ਸੁਮੇਲ ਸਥਾਪਤੀ ਨੂੰ ਹੀ ਲਓ :

*ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ ॥*
*ਨਮਸਤੁਲ ਪ੍ਰਨਾਮੇ ਸਮਸਤੁਲ ਪ੍ਰਣਾਸੇ ॥*
*ਅਗੰਜੁਲ ਅਨਾਮੇ ਸਮਸਤੁਲ ਨਿਵਾਸੇ ॥*
*ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ ॥*
*ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ ॥*

*ਅਗੰਜੁਲ ਗਨੀਮ ਹੈਂ ॥ ਰਜਾਇਕ ਰਹੀਮ ਹੈਂ ॥...*
*ਤਮਾਮੁਲ ਤਮੀਜ ਹੈਂ ॥ ਸਮਸਤੁਲ ਅਜੀਜ ਹੈਂ ॥*
*ਸਮਸਤੁਲ ਜੁਬਾਂ ਹੈਂ ॥ ਕਿ ਸਾਹਿਬ ਕਿਰਾਂ ਹੈਂ ॥*

ਅਜਿਹੀ ਸੁਮੇਲ ਸਥਾਪਤੀ ਨੂੰ, 'ਪਰਾਹਨ' ਜਾਂ 'ਵਿਚਲਨ' ਦੇ ਅਰਥਾਂ ਵਿਚ ਵੀ ਗ੍ਰਹਿਣ ਕੀਤਾ ਜਾ ਸਕਦਾ ਹੈ। ਮਸਲਾ, ਇਸ ਜੁਗਤ ਦੇ ਨਾਮਕਰਨ ਦਾ ਨਹੀਂ, ਸਗੋਂ 'ਅਗਰਭੂਮਣ' ਤੇ ਸ਼ੈਲੀਗਤ-ਸੁਹਜ ਨੂੰ ਸਿਰਜਣ ਦਾ ਹੈ। ਠੀਕ ਇਸੇ ਤਰ੍ਹਾਂ, ਫ਼ਾਰਸੀ ਭਾਸ਼ਾ ਦੇ ਸ਼ਬਦਾਂ ਦੇ ਨਾਲ ਕੁਝ ਹਿੰਦੁਸਤਾਨੀ ਭਾਸ਼ਾਵਾਂ ਜਾਂ ਬੋਲੀਆਂ ਦੇ ਅਗੇਤ ਜਾਂ ਸ਼ਬਦ ਵਰਤ ਕੇ, 'ਅਗਰਭੂਮਣ' ਕਰਨ ਦੀ ਰੁਚੀ ਵੀ ਇਥੇ ਖ਼ਾਸੀ ਪ੍ਰਬਲ ਵਿਖਾਈ ਦਿੰਦੀ ਹੈ। ਜਿਵੇਂ ਕਿ :

*ਕਿ ਕਰਮੰ ਕਰੀਮ ਹੈਂ ॥ ਕਿ ਸਰਬੰ ਕਲੀਮੈ ॥*
*ਕਿ ਪਰਮੰ ਫ਼ਹੀਮੈ ॥ ਨਾਮਸਤੰ ਅਮਜਬੇ ॥*

ਜਿਥੋਂ ਤੱਕ 'ਜਾਪੁ' ਸਾਹਿਬ ਬਾਣੀ ਦੀ 'ਬਾਡੀ ਲੈਂਗੁਏਜ਼' ਦਾ ਸੰਬੰਧ ਹੈ, ਉਹ ਵਧੇਰੇ ਕਰਕੇ, ਬ੍ਰਿਜ ਭਾਸ਼ਾ ਹੀ ਮੰਨੀ ਜਾਂਦੀ ਹੈ। ਪਰ, ਯਾਦ ਰਹੇ ਕਿ ਇਹ ਨਿਰੋਲ ਬ੍ਰਿਜ ਭਾਸ਼ਾ ਨਹੀਂ ਹੈ। ਸਗੋਂ, ਇਸ ਵਿਚ ਸੰਸਕ੍ਰਿਤ, ਪ੍ਰਾਕ੍ਰਿਤ, ਅਰਬੀ, ਫ਼ਾਰਸੀ ਆਦਿ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦ, ਕਦੇ ਤਤਸਮ ਰੂਪ ਵਿਚ ਅਤੇ ਕਦੇ ਤਦਭਵ ਰੂਪ ਵਿਚ ਮਿਸ਼ਰਿਤ ਹਨ। ਕਈ ਥਾਈਂ, ਇਨ੍ਹਾਂ ਭਾਸ਼ਾਵਾਂ ਦੇ ਸ਼ਬਦਾਂ ਦੇ ਸੁਮੇਲ ਨਾਲ, ਨਵੇਂ ਸ਼ਬਦ ਵੀ ਘੜੇ ਗਏ ਹਨ। ਅਜਿਹੇ ਭਾਸ਼ਾਈ-ਪ੍ਰਯੋਗਾਂ ਦਾ ਮਕਸਦ, ਸਾਡੀ ਜਾਚੇ, ਉਸ ਵਕਤ ਪ੍ਰਚੰਡ ਰੂਪ ਧਾਰ ਚੁੱਕੀ ਭਾਸ਼ਾਈ-ਸੰਕੀਰਣਤਾ ਤੋਂ ਉੱਪਰ ਉੱਠਣਾ ਸੀ। ਸ਼ਾਇਦ ਗੁਰੂ ਸਾਹਿਬ ਇਸੇ ਲਈ ਅਜਿਹੇ ਭਾਸ਼ਾਈ ਪ੍ਰਯੋਗ ਕਰ ਰਹੇ ਸਨ। ਨਿਰਗੁਣ ਪਾਰਬ੍ਰਹਮ ਦੇ ਦ੍ਰਿਸ਼ਟੀ-ਬਿੰਦੂ (Vantage point) ਵਿਚ, ਇਸ ਬਾਣੀ ਦੇ ਬੁਨਿਆਦੀ ਥੀਮ ਨੂੰ ਸੁਗਠਿਤ ਕੀਤਾ ਗਿਆ। ਇਸ ਨਿਰਗੁਣ ਪਾਰਬ੍ਰਹਮ ਦੀ ਵਿਸ਼ੇਸ਼ਤਾ ਤੇ ਮਹਾਨਤਾ ਨੂੰ ਦ੍ਰਿੜ੍ਹ ਕਰਵਾਉਣ ਲਈ, ਇਸ ਨੂੰ ਬਾਰ-ਬਾਰ ਨਮਸ਼ਕਾਰ ਕੀਤੀ ਜਾਂਦੀ ਹੈ। ਨਤੀਜੇ ਵਜੋਂ, ਇਹ ਸਾਰੀ ਬਾਣੀ ਨਮਸ਼ਕਾਰ ਦਾ ਪ੍ਰਵਚਨ ਹੋ ਨਿਬੜਦੀ ਹੈ।[16] ਨਿਰਗੁਣ ਪਾਰਬ੍ਰਹਮ ਦੇ ਕਰਮਵਾਚੀ ਨਾਵਾਂ ਨੂੰ, ਦੁਹਰਾਓ ਦੀ ਜੁਗਤ ਨਾਲ ਯਾਦ ਕੀਤਾ ਜਾਂਦਾ ਹੈ। ਇਉਂ, ਇਹ ਨਿਰਗੁਣ ਪਾਰਬ੍ਰਹਮ ਦਾ 'ਜਾਪੁ', ਕਿਤੇ ਜੋਸ਼ੀਲੀ ਭਾਸ਼ਾ-ਸ਼ੈਲੀ ਵਿਚ ਅਤੇ ਕਿਤੇ, ਵਿਸਮਾਦੀ ਕੈਫ਼ੀਅਤ ਵਿਚ ਰੂਪਮਾਨ ਹੁੰਦਾ ਨਜ਼ਰ ਆਉਂਦਾ ਹੈ।[17]

ਜਿਥੋਂ ਤੱਕ 'ਜਾਪੁ' ਸਾਹਿਬ ਬਾਣੀ ਵਿਚ ਹੋਏ ਭਿੰਨ-ਭਿੰਨ ਭਾਸ਼ਾਈ-ਪ੍ਰਯੋਗਾਂ ਦੇ ਮਕਸਦ ਦਾ ਸੰਬੰਧ ਹੈ। ਉਸ ਬਾਬਤ ਪ੍ਰੋ. ਪ੍ਰਵੀਨ ਕੌਰ ਦੀ ਇਕ ਟਿੱਪਣੀ ਇਥੇ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ :

> ਜਾਪੁ ਸਾਹਿਬ ਵਿਚਲੇ ਭਾਸ਼ਾ ਦੇ ਪ੍ਰਯੋਗ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਕਵੀ ਨੇ ਸਭ ਤੋਂ ਪਹਿਲਾਂ ਭਾਸ਼ਾ ਦੀ ਸੰਕੀਰਣਤਾ ਦਾ ਤਿਆਗ ਕੀਤਾ ਹੈ। ਸੰਸਕ੍ਰਿਤ ਹਿੰਦੂਆਂ ਦੀ ਪਵਿੱਤਰ ਭਾਸ਼ਾ ਸਮਝੀ ਜਾਂਦੀ ਹੈ ਜਿਸ ਵਿਚ ਵੇਦ, ਉਪਨਿਸ਼ਦ ਤੇ ਪੁਰਾਣ ਆਦਿ ਲਿਖੇ ਗਏ (ਮੰਨੇ ਜਾਂਦੇ ਹਨ) ਅਰਬੀ ਤੇ ਫ਼ਾਰਸੀ, ਮੁਸਲਮਾਨਾਂ ਦੀ ਮੁਕੱਦਸ ਜ਼ੁਬਾਨ ਮੰਨੀ ਜਾਂਦੀ ਹੈ ਜਿਸ ਵਿਚ 'ਕੁਰਾਨ ਸ਼ਰੀਫ਼' ਲਿਖਿਆ ਗਿਆ ਹੈ। ਪਰ, ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਸਭ ਬੰਧਨਾਂ ਨੂੰ ਛੱਡ ਕੇ, ਆਪਣੀ

> ਇਸ ਸਿਰਮੌਰ ਰਚਨਾ ਵਿਚ ਨਾ ਸਿਰਫ਼ ਸੰਸਕ੍ਰਿਤ ਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ, ਸਗੋਂ ਅਰਬੀ-ਫ਼ਾਰਸੀ ਦਾ ਪ੍ਰਯੋਗ ਵੀ ਬੜੀ ਉਦਾਰਤਾ ਨਾਲ ਕੀਤਾ ਹੈ। ਜਾਂ ਇਉਂ ਕਹਿ ਲਓ ਕਿ ਅਕਾਲ ਪੁਰਖ ਦੇ ਸੰਕਲਪ ਨੂੰ ਸਪੱਸ਼ਟ ਕਰਨ ਲਈ ਵੱਖ-ਵੱਖ ਬੋਲੀਆਂ ਦੇ ਸ਼ਬਦ, ਉਨ੍ਹਾਂ ਦੇ ਹੱਥਾਂ ਵਿਚ ਆ ਕੇ, ਹਥਿਆਰ ਬਣ ਜਾਂਦੇ ਹਨ।[18]

ਇਸ ਟਿੱਪਣੀ ਤੋਂ 'ਜਾਪੁ' ਸਾਹਿਬ ਦੀ ਭਾਸ਼ਾ-ਸ਼ੈਲੀ ਦੀ ਉੱਚਤਾ ਤੇ ਉੱਤਮਤਾ ਦਾ ਸਬੂਤ ਜ਼ਰੂਰ ਮਿਲਦਾ ਹੈ, ਪਰ ਇਸ ਵਿਚਲੀਆਂ ਚਲੰਤ ਟਿੱਪਣੀਆਂ ਸਾਨੂੰ ਸੋਚਣ ਲਈ ਮਜ਼ਬੂਰ ਵੀ ਕਰਦੀਆਂ ਹਨ। ਕਿਸੇ ਵਾਦ-ਵਿਵਾਦ ਤੋਂ ਬਚਣ ਲਈ, ਇਥੇ ਇਤਨਾ ਕੁ ਸੰਕੇਤ ਮਾਤਰ ਜ਼ਿਕਰ ਕਰ ਦੇਣਾ ਹੀ ਕਾਫ਼ੀ ਹੈ। ਪਰ, ਜਿਥੋਂ ਤੱਕ ਉਰਦੂ ਜ਼ਬਾਨ ਦੀ ਉਤਪਤੀ ਦਾ ਸੰਬੰਧ ਹੈ। ਉਸ ਬਾਬਤ ਇਹ ਤੱਥ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਉਰਦੂ ਦਾ ਜਨਮ, ਭਾਰਤ ਦੀ ਧਰਤੀ 'ਤੇ ਹੋਇਆ ਮੰਨਿਆ ਜਾਂਦਾ ਹੈ। 'ਉਰਦੂ' ਮੂਲ ਰੂਪ ਵਿਚ ਤੁਰਕੀ ਜ਼ੁਬਾਨ ਦਾ ਸ਼ਬਦ ਹੈ ਜਿਸ ਦੇ ਕੋਸ਼ਗਤ ਅਰਥ ਹਨ : "ਅਮੀਰਾਂ ਤੇ ਬਾਦਸ਼ਾਹਾਂ ਦੇ ਉਤਾਰਾ ਕਰਨ ਦੀ ਥਾਂ।"[19] ਡਾ. ਰਤਨ ਸਿੰਘ ਜੱਗੀ ਦੁਆਰਾ ਸੰਪਾਦਿਤ 'ਸਾਹਿਤ ਕੋਸ਼' (ਪਰਿਭਾਸ਼ਿਕ ਸ਼ਬਦਾਵਲੀ) ਵਿਚ ਪ੍ਰਿੰ. ਗੁਰਦਿੱਤ ਸਿੰਘ ਪ੍ਰੇਮੀ ਦੁਆਰਾ ਲਿਖਤ "ਉਰਦੂ (ਭਾਸ਼ਾ ਅਤੇ ਸਾਹਿਤ)" ਇੰਦਰਾਜ਼ ਵਿਚ ਇਹ ਬਾਖੂਬੀ ਸਪੱਸ਼ਟ ਕੀਤਾ ਗਿਆ ਹੈ ਕਿ :

> ਮੁਸਲਮਾਨੀ ਫ਼ੌਜਾਂ ਦਾ ਪਹਿਲਾ ਵੱਡਾ ਡੇਰਾ ਲਾਹੌਰ ਸੀ ਫਿਰ ਮੇਰਠ ਅਤੇ ਉਸ ਤੋਂ ਬਾਅਦ ਦਿੱਲੀ ਹੋ ਗਿਆ। ਪਠਾਣਾਂ ਤੇ ਮੁਗ਼ਲਾਂ ਦੀਆਂ ਫ਼ੌਜਾਂ ਵਿਚ ਪਠਾਣ, ਈਰਾਨੀ ਤੇ ਪੰਜਾਬੀ ਮੁਸਲਮਾਨ ਆਮ ਭਾਰਤੀ ਹੁੰਦੇ ਸਨ। ਪਠਾਣ ਤੇ ਇਰਾਨੀ ਸਿਪਾਹੀ, ਫ਼ਾਰਸੀ ਦੇ ਨਾਲ ਕੁਝ ਪੰਜਾਬੀ ਤੇ ਹਿੰਦਵੀ ਸ਼ਬਦ ਰਲਾ ਕੇ ਬੋਲਣ ਲੱਗੇ ਤਾਂ ਉਸ ਨੂੰ ਪਹਿਲੇ ਪਹਿਲ 'ਰੇਖਤਾ' ਭਾਵ, ਗਿਰੀ ਹੋਈ ਬੋਲੀ ਕਿਹਾ ਗਿਆ। ਇਹ ਵਾਸਤਵ ਵਿਚ ਦੋ ਜ਼ੁਬਾਨਾਂ ਦਾ ਮਿਸ਼ਰਣ ਸੀ। ਸਮਾਂ ਪਾ ਕੇ ਜਦੋਂ ਫ਼ਾਰਸੀ ਸ਼ਬਦ ਘੱਟ ਗਏ ਤੇ ਉਨ੍ਹਾਂ ਦੀ ਥਾਂ ਪੰਜਾਬੀ ਤੇ ਹਿੰਦਵੀ ਸ਼ਬਦਾਂ ਨੇ ਲੈ ਲਈ, ਤਾਂ ਇਕ ਨਵੀਂ ਬੋਲੀ ਹੋਂਦ ਵਿਚ ਆ ਗਈ। ਇਸ ਦਾ ਪਹਿਲਾ ਨਾ 'ਉੜਦ ਬਾਜ਼ਾਰ ਕੀ ਬੋਲੀ' ਸੀ ਤੇ ਫਿਰ 'ਲਸ਼ਕਰੀ' ਅਤੇ ਸਮਾਂ ਪਾ ਕੇ 'ਉਰਦੂ' ਹੋ ਗਿਆ। ਇਸ ਜ਼ਬਾਨ ਵਿਚ ਕਿਰਿਆ ਪਹਿਲੇ ਪੰਜਾਬੀ ਦੀ ਤਰਜ਼ਪੁਰ ਅਤੇ ਸ਼ਬਦਾਵਲੀ ਪੰਜਾਬੀ, ਫ਼ਾਰਸੀ ਤੇ ਖੜੀ ਬੋਲੀ ਵਿਚੋਂ ਲਈ ਗਈ ਸੀ।[20]

ਇਸ ਟਿੱਪਣੀ ਤੋਂ ਸਪੱਸ਼ਟ ਹੈ ਕਿ 'ਉਰਦੂ' ਜ਼ੁਬਾਨ ਪਹਿਲਾਂ 'ਪਿਜ਼ਿਨ ਭਾਸ਼ਾ ਬਣਦੀ ਹੈ ਅਤੇ ਇਸ ਵਿਚ ਪਿਜ਼ਿਨ ਭਾਸ਼ਾ ਨੂੰ ਜਦੋਂ ਅੱਗੋਂ ਆਉਣ ਵਾਲੀਆਂ ਪੀੜ੍ਹੀਆਂ ਨੇ, ਆਪਣੀ ਮਾਂ-ਬੋਲੀ ਵਜੋਂ ਅਪਣਾ ਲਿਆ ਤਾਂ ਇਹ ਕਰਿਓਲ ਭਾਸ਼ਾ' ਬਣ ਗਈ। ਇਹ ਵੀ ਸੱਚ ਹੈ ਕਿ ਅੱਜ 'ਉਰਦੂ' ਪਾਕਿਸਤਾਨ ਦੀ ਕੌਮੀ ਜ਼ਬਾਨ ਵਿਚ ਸ਼ਾਮਿਲ ਹੈ। ਜਿਸ ਨੂੰ ਭਾਰਤ ਦੇ ਸੰਵਿਧਾਨ ਵਿਚ ਮਾਨਤਾ ਮਿਲੀ ਹੋਈ ਹੈ। ਮਹਿਮੂਦ ਸ਼ੀਰਾਨੀ ਨੇ ਆਪਣੀ ਪੁਸਤਕ 'ਪੰਜਾਬ ਮੇਂ ਉਰਦੂ' ਵਿਚ ਸਿੱਧ ਕੀਤਾ ਹੈ ਕਿ ਉਰਦੂ ਜ਼ੁਬਾਨ ਦਾ ਜਨਮ ਪੰਜਾਬ ਵਿਚ ਹੋਇਆ ਅਤੇ ਪੰਜਾਬੀ ਹੀ ਇਸ ਦੀ ਅਸਲੀ ਮਾਂ ਹੈ। ਅਮੀਰ ਖੁਸਰੋ ਦਿਹਲਵੀ (1252-1325) ਨੂੰ, ਉਰਦੂ ਦਾ ਪਹਿਲਾ ਕਵੀ ਮੰਨਿਆ ਜਾਂਦਾ ਹੈ।[21] ਜਿਉਂ ਜਿਉਂ, ਕਵੀਆਂ ਵਲੋਂ ਇਸ ਜ਼ੁਬਾਨ ਵਿਚ ਕਾਵਿ ਰਚਿਆ ਜਾਂਦਾ ਰਿਹਾ, ਤਿਉਂ ਤਿਉਂ ਉਰਦੂ ਨੂੰ ਇਕ ਮੁਕੰਮਲ ਜ਼ੁਬਾਨ ਦੇ ਤੌਰ 'ਤੇ ਮਾਨਤਾ ਮਿਲਦੀ ਗਈ। ਇਹ ਸਾਰੇ ਤੱਥ ਇਸ ਗੱਲ ਦੇ ਸੂਚਕ ਹਨ ਕਿ ਉਰਦੂ ਜ਼ੁਬਾਨ, ਅਰਬੀ-ਫ਼ਾਰਸੀ ਜ਼ੁਬਾਨ ਦੇ ਤਹਿਜ਼ੀਬ-ਓ-ਤਮੱਦਨ ਨੂੰ ਆਪਣੇ ਅੰਦਰ ਸਮੋਈ ਬੈਠੀ ਹੈ। ਸਿਰਫ਼ 'ਜਾਪੁ' ਸਾਹਿਬ ਬਾਣੀ ਹੀ ਨਹੀਂ, ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਕਲਾਮ, ਆਰਬੀ-ਫ਼ਾਰਸੀ, ਸੰਸਕ੍ਰਿਤ, ਪ੍ਰਾਕ੍ਰਿਤ, ਬ੍ਰਿਜ, ਪੰਜਾਬੀ ਆਦਿ ਭਿੰਨ-ਭਿੰਨ ਭਾਸ਼ਾਵਾਂ ਦੇ ਅਨੋਖੇ ਸੁਮੇਲ ਰਾਹੀਂ, ਆਪਣੇ ਜ਼ਮਾਨੇ ਦੇ ਇਕ ਅਹਿਮ ਭਾਸ਼ਾਈ ਮਸਲੇ ਨਾਲ, ਡੂੰਘਾ ਸੰਬਾਦ ਰਚਾ ਕੇ, ਆਮ ਲੋਕਾਂ ਨੂੰ ਅਖੌਤੀ ਭਾਸ਼ਾਈ ਸੰਕੀਰਣਤਾ ਤੋਂ ਉੱਪਰ ਉੱਠਣ ਲਈ ਪਰੇਰ ਰਹੇ ਸਨ। ਅੱਜ ਤੋਂ ਕਰੀਬਨ ਚੌਦਾਂ ਸੌ ਵਰ੍ਹੇ ਪੁਰਾਣੀ ਅਰਬੀ ਜ਼ਬਾਨ ਵਿਚ ਨਾਜ਼ਰ ਹੋਇਆ 'ਕੁਰਾਨ ਸ਼ਰੀਫ਼', ਇਸਲਾਮ ਦੀ ਅਹਿਲੇ ਮੁਕੱਦਸ ਪਵਿੱਤਰ ਕਿਤਾਬ (ਗ੍ਰੰਥ) ਹੈ। ਜਦੋਂ 'ਜਾਪੁ' ਸਾਹਿਬ, 'ਜ਼ਫ਼ਰਨਾਮਾ', ਅਕਾਲ ਉਸਤਤਿ ਆਦਿ ਬਾਣੀਆਂ ਵਿਚ, ਭਿੰਨ-ਭਿੰਨ ਭਾਸ਼ਾਵਾਂ ਦੇ ਸ਼ਬਦਾਂ ਦੇ ਮਿਸ਼ਰਣ ਨਾਲ ਨਵੇਂ ਸ਼ਬਦਾਂ ਦੀ ਉਤਪਤੀ ਹੁੰਦੀ ਹੈ, ਤਾਂ ਇਨ੍ਹਾਂ ਬਾਣੀਆਂ ਦੀ ਭਾਸ਼ਾ-ਸ਼ੈਲੀ ਵਿਚ, ਦੂਜੀ ਤਰਫ਼, ਭਾਸ਼ਾਈ ਸੰਕੀਰਣਤਾ ਦੀਆਂ ਕਈ ਮਿੱਥਾਂ ਟੁੱਟਦੀਆਂ ਹਨ ਅਤੇ ਅਧਿਆਤਮਕ-ਚਿੰਤਨ ਦਾ ਉਦਾਤੀਕਰਨ ਹੁੰਦਾ ਨਿਰੰਤਰ ਨਜ਼ਰ ਆਉਂਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਅਮੀਰ ਕੌਰ (ਡਾ.), **ਪੰਜਾਬੀ ਸਫ਼ਰਨਾਮਾ ਸਾਹਿਤ : ਸ਼ੈਲੀ ਵਿਗਿਆਨਕ ਵਿਸ਼ਲੇਸ਼ਣ**, ਪੰਨੇ 141–142.
2. ਸ਼ੀਤਾਂਸ਼ੂ ਸ਼ਸ਼ੀਭੂਸ਼ਨ (ਡਾ.), **ਸ਼ੈਲੀ-ਵਿਗਿਆਨ : ਸਿਧਾਂਤ ਤੇ ਵਿਹਾਰ**, ਪੰਨਾ 44.
3. ਗੁਰਚਰਨ ਸਿੰਘ ਅਰਸ਼ੀ (ਡਾ.), **ਸਮੀਖਿਆ ਦ੍ਰਿਸ਼ਟੀਆਂ**, ਪੰਨਾ 136.
4. ਅਮੀਰ ਕੌਰ (ਡਾ.). **ਪੰਜਾਬੀ ਸਫ਼ਰਨਾਮਾ ਸਾਹਿਤ : ਸ਼ੈਲੀ ਵਿਗਿਆਨਕ ਵਿਸ਼ਲੇਸ਼ਣ**, ਪੰਨੇ 146–153.
5. ਉਹੀ, ਪੰਨੇ, 127–141.
6. ਗੁਰਚਰਨ ਸਿੰਘ (ਡਾ.). **ਮੱਧਕਾਲੀ ਪਾਠ ਤੇ ਵਰਤਮਾਨ ਪ੍ਰਸੰਗ**, ਪੰਨਾ 81.
7. **ਉਹੀ**, ਪੰਨਾ 81.
8. **ਉਹੀ**, ਪੰਨਾ 81.
9. ਪਿਆਰਾ ਸਿੰਘ ਪਦਮ (ਪ੍ਰੋ.), **ਦਸਮ ਗ੍ਰੰਥ ਦਰਸ਼ਨ**, ਪੰਨਾ 1.
10. ਪ੍ਰਵੀਨ ਕੌਰ (ਪ੍ਰੋ.), **ਜਾਪੁ ਸਾਹਿਬ : ਪ੍ਰਵਚਨ ਅਤੇ ਭਾਸ਼ਾ-ਪ੍ਰਬੰਧ**, ਪੰਨਾ 13.
11. **ਉਹੀ**, ਪੰਨਾ 88.
12. ਜਸਵੰਤ ਸਿੰਘ ਨੇਕੀ (ਡਾ.), "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਰਚਨਾ ਸੰਸਾਰ", **ਗੁਰੂ ਗੋਬਿੰਦ ਸਿੰਘ ਜੀ ਦਾ ਸਿਰਜਣਾ ਸੰਸਾਰ**, ਸੰਪਾ. ਡਾ. ਰਵੇਲ ਸਿੰਘ, ਪੰਨਾ 12.
13. **ਉਹੀ**, ਪੰਨਾ 12.
14. ਅਮੀਰ ਕੌਰ (ਡਾ.), **ਪੰਜਾਬੀ ਸਫ਼ਰਨਾਮਾ ਸਾਹਿਤ : ਸ਼ੈਲੀ ਵਿਗਿਆਨਕ ਵਿਸ਼ਲੇਸ਼ਣ**, ਪੰਨੇ 152–153.
15. ਪ੍ਰਵੀਨ ਕੌਰ (ਪ੍ਰੋ.), ਜਾਪੁ **ਸਾਹਿਬ : ਪ੍ਰਵਚਨ ਅਤੇ ਭਾਸ਼ਾ-ਪ੍ਰਬੰਧ**, ਪੰਨੇ 88–89.
16. ਗੁਰਚਰਨ ਸਿੰਘ (ਡਾ.), **ਮੱਧਕਾਲੀ ਪਾਠ ਤੇ ਵਰਤਮਾਨ ਪ੍ਰਸੰਗ**, ਪੰਨਾ 84.
17. ਪ੍ਰਵੀਨ ਕੌਰ (ਪ੍ਰੋ.) **ਜਾਪੁ ਸਾਹਿਬ : ਪ੍ਰਵਚਨ ਅਤੇ ਭਾਸ਼ਾ-ਪ੍ਰਬੰਧ** (ਭੂਮਿਕਾ), ਪੰਨਾ 9.
18. ਰਤਨ ਸਿੰਘ ਜੱਗੀ (ਡਾ.) **ਸਾਹਿਤ ਕੋਸ਼ (ਪਰਿਭਾਸ਼ਿਕ ਸ਼ਬਦਾਵਲੀ)**, ਪੰਨਾ 28.
19. **ਉਹੀ**, ਪੰਨਾ 28.
20. **ਉਹੀ**, ਪੰਨੇ 28–29.
21. **ਉਹੀ**, ਪੰਨੇ 28–29.


◈